# ਅਧਿਆਇ 1
# ਹੋਮ ਦੀਆਂ ਭੇਟਾਂ

ਕੂਚ ਦੀ ਪੁਸਤਕ ਡੇਰੇ (ਤੰਬੂ) ਦੇ ਬਣਾਏ ਜਾਣ ਅਤੇ ਇਸ ਦੇ ਖ਼ੁਦਾ ਵੱਲੋਂ ਬਰਕਤ ਦਿੱਤੇ ਜਾਣ ਨਾਲ ਖਤਮ ਹੁੰਦੀ ਹੈ, ਜਿਸ ਦੇ ਸਬੂਤ ਵਜੋਂ ਇਹ ''ਯਹੋਵਾਹ ਦੇ ਪਰਤਾਪ'' ਨਾਲ ਭਰ ਗਿਆ ਸੀ (ਕੂਚ 40:34)। ਇਸ ਦੇ ਬਾਅਦ ਲੇਵੀਆਂ ਦੀ ਪੋਥੀ ਉੱਥੇ ਬੰਦਗੀ ਕਰਨ ਵਾਲਿਆਂ ਦੀਆਂ ਭੇਟਾਂ ਸਬੰਧੀ ਹਦਾਇਤਾਂ ਦੇਣ ਨਾਲ ਸ਼ੁਰੂ ਹੁੰਦੀ ਹੈ।

ਲੇਵੀਆਂ ਦੀ ਪੋਥੀ ਦੇ ਪਹਿਲੇ ਸੱਤ ਅਧਿਆਇ ਤੰਬੂ ਵਿਚ ਚੜ੍ਹਾਈਆਂ ਜਾਣ ਵਾਲੀਆਂ ਪੰਜ[1] ਤਰ੍ਹਾਂ ਦੀਆਂ ਭੇਟਾਂ ਸਬੰਧੀ ਵਿਸਤਾਰ ਨਾਲ ਨਿਯਮ ਦੱਸਦੀ ਹੈ: ਹੋਮ ਦੀਆਂ ਭੇਟਾਂ (1:1−17; 6:8−13), ਮੈਦੇ ਦੀਆਂ ਭੇਟਾਂ (2:1−16; 6:14−23), ਸੁੱਖ ਸਾਂਦ ਦੀ ਭੇਟਾਂ (3:1−17; 7:11−36), ਪਾਪ ਦੀਆਂ ਭੇਟਾਂ (4:1—5:13; 6:24−30), ਅਤੇ ਦੋਸ਼ ਦੀਆਂ ਭੇਟਾਂ (5:14—6:7; 7:1−7)।[2] ਪੁਸਤਕ ਦੇ ਇਸ ਭਾਗ ਦੇ ਇਕ ਇਕਾਈ ਵਜੋਂ ਮੰਨੇ ਜਾਣ ਦਾ ਸਬੂਤ ਇਨ੍ਹਾਂ ਅੰਤਲੀਆਂ ਆਇਤਾਂ ਤੋਂ ਮਿਲਦਾ ਹੈ:

> ਇਹ ਹੋਮ ਦੀ ਭੇਟ ਅਤੇ ਮੈਦੇ ਦੀ ਭੇਟ ਅਤੇ ਪਾਪ ਦੀ ਬਲੀ ਅਤੇ ਦੋਸ਼ ਦੀ ਭੇਟ ਅਤੇ ਪਵਿੱਤਰ ਠਹਿਰਾਉਣ ਅਤੇ ਸੁਖ ਸਾਂਦ ਦੀਆਂ ਭੇਟਾਂ ਦੀ ਬਲੀ ਦੀ ਬਿਵਸਥਾ ਹੈ ਜਿਹੜੀ ਯਹੋਵਾਹ ਨੇ ਸੀਨਾ ਪਹਾੜ ਉੱਤੇ ਮੂਸਾ ਨੂੰ ਆਗਿਆ ਦਿੱਤੀ ਸੀ ਜਿਸ ਦਿਨ ਵਿੱਚ ਓਸ ਨੇ ਇਸਰਾਏਲੀਆਂ ਨੂੰ ਆਪਣੇ ਚੜ੍ਹਾਵੇ ਸੀਨਾ ਦੀ ਉਜਾੜ ਵਿੱਚ ਯਹੋਵਾਹ ਦੇ ਅੱਗੇ ਚੜ੍ਹਾਉਣ ਦੀ ਆਗਿਆ ਦਿੱਤੀ ਸੀ (7:37, 38)।

ਇਹ ਨਿਯਮ ਕਦੋਂ ਦਿੱਤੇ ਗਏ? ਲੇਵੀਆਂ 7:38 ਦੱਸਦਾ ਹੈ ਕਿ ਇਹ ਉਦੋਂ ਦਿੱਤੇ ਗਏ ਸਨ ''ਜਿਸ ਦਿਨ ਵਿੱਚ ਓਸ [ਯਹੋਵਾਹ] ਨੇ ਇਸਰਾਏਲੀਆਂ ਨੂੰ ਆਪਣੇ ਚੜ੍ਹਾਵੇ ਸੀਨਾ ਦੀ ਉਜਾੜ ਵਿੱਚ ਯਹੋਵਾਹ ਦੇ ਅੱਗੇ ਚੜ੍ਹਾਉਣ ਦੀ ਆਗਿਆ ਦਿੱਤੀ ਸੀ।'' ਸਾਫ਼ ਹੈ ਕਿ ਇਹ ਨਿਯਮ ਤੰਬੂ ਦੇ ਮੁਕੰਮਲ ਹੋ ਜਾਣ ਦੇ ਫੌਰਨ ਬਾਅਦ ਦਿੱਤੇ ਗਏ ਸਨ ਜਦ ਖ਼ੁਦਾ ਨੇ ਉੱਥੇ ਬੰਦਗੀ ਕਰਨ ਵਾਲੇ ਆਪਣੇ ਲੋਕਾਂ ਤੋਂ ਇਨ੍ਹਾਂ ਨਿਯਮਾਂ ਨੂੰ ਮਨਵਾਉਣਾ ਸ਼ੁਰੂ ਕੀਤਾ।[3] ਸੰਭਵ ਤੌਰ ਤੇ ਇਹ ਨਿਯਮ ਲੇਵੀਆਂ 8 ਅਤੇ 9 ਵਿਚ ਦੱਸੀ ਗਈ ਯਾਜਕਾਈ ਦੇ ਪਵਿੱਤਰ ਕੀਤੇ ਜਾਣ ਤੋਂ ਪਹਿਲਾਂ ਦੱਸ ਦਿੱਤੇ ਗਏ ਸਨ।

ਇਹ ਕਿਉਂ ਦਿੱਤੇ ਗਏ? ਇਹ ਹੁਕਮ ਉਨ੍ਹਾਂ ਭੇਟਾਂ ਬਾਰੇ ਦੱਸਣ ਜਾ ਉਨ੍ਹਾਂ ਦਾ ਅਰਥ ਸਮਝਾਉਣ ਲਈ ਨਹੀਂ ਦਿੱਤੇ ਗਏ ਸਨ ਜਿਨ੍ਹਾਂ ਦਾ ਉਨ੍ਹਾਂ ਵਿਚ ਵਰਣਨ ਹੈ। ਪਰਮੇਸ਼ੁਰ ਦੇ ਮਨੁੱਖ ਨਾਲ ਵਿਹਾਰ ਦੇ ਅਰੰਭ ਤੋਂ ਵੱਖੋ−ਵੱਖ ਭੇਟਾਂ ਦਿੱਤੀਆਂ ਜਾਂਦੀਆਂ ਰਹੀਆਂ ਸਨ। ਕਇਨ ਅਤੇ ਹਾਬਲ ਯਹੋਵਾਹ ਲਈ ਭੇਟਾਂ ਲਿਆਏ ਸਨ (ਉਤਪਤ 4:1−16), ਨੂਹ ਨੇ ਹੋਮ ਦੀਆਂ ਬਲੀਆਂ ਨਾਲ ਪਰਮੇਸ਼ੁਰ ਦਾ ਧੰਨਵਾਦ ਕੀਤਾ ਸੀ (ਉਤਪਤ 8:20−22), ਅਤੇ ਯਾਕੂਬ ਨੇ ਕੁਰਬਾਨੀਆਂ ਦਿੱਤੀਆਂ ਸਨ (ਉਤਪਤ 31:54; 46:1)। ਬਾਈਬਲ ਲੇਵੀਆਂ ਦੀ ਪੋਥੀ ਵਿਚ ਨਿਯਮ ਦਿੱਤੇ ਜਾਣ ਤੋਂ ਵੀ ਪਹਿਲਾਂ ''ਹੋਮ ਦੀਆਂ ਬਲੀਆਂ'' ਅਤੇ ''ਸੁਖ ਸਾਂਦ ਦੀਆਂ ਭੇਟਾਂ'' ਦੀ ਗੱਲ ਦੱਸਦੀ ਹੈ (ਉਤਪਤ 8:20; 22:2; ਕੂਚ 10:25; 20:24; 24:5)। ਲੇਵੀਆਂ ਦੀ ਪੋਥੀ ਵਾਲੇ ਨਿਯਮ ''ਨਵਾਂ ਹੁਕਮ'' ਦੇਣ ਦੀ ਬਜਾਇ ਤੰਬੂ ਵਿਚ ਦਿੱਤੀਆਂ ਜਾਣ ਵਾਲੀਆਂ ਭੇਟਾਂ ਨੂੰ ਸੰਚਾਲਿਤ ਕਰਨ ਲਈ ਦਿੱਤੇ ਗਏ ਸਨ। ਸ਼ਾਇਦ ਬਹੁਤਾ

ਜ਼ਰੂਰੀ ਇਹ ਹੈ ਕਿ ਇਨ੍ਹਾਂ ਨਿਯਮਾਂ ਨਾਲ ਇਸਰਾਏਲ ਲਈ ਤੰਬੂ ਵਿਚ ਆਪਣੀਆਂ ਕੁਰਬਾਨੀਆਂ ਨਾਲ ਦੇਣਾ ਜ਼ਰੂਰੀ ਬਣ ਗਿਆ। ਲੇਵੀਆਂ 7:38 ਸਾਫ਼ ਆਖਦਾ ਹੈ ਕਿ ਖ਼ੁਦਾ ਨੇ ''ਇਸਰਾਏਲੀਆਂ ਨੂੰ ਆਪਣੇ ਚੜ੍ਹਾਵੇ ਸੀਨਾ ਦੀ ਉਜਾੜ ਵਿੱਚ ਯਹੋਵਾਹ ਦੇ ਅੱਗੇ ਚੜ੍ਹਾਉਣ ਦੀ ਆਗਿਆ ਦਿੱਤੀ ਸੀ।'' ਜੌਰਜ ਏ. ਐੱਫ਼. ਨਾਈਟ ਨੇ ਕਿਹਾ ਹੈ ਕਿ ''ਬਾਈਬਲ ਦਾ ਵਿਸ਼ਵਾਸ'' ਇਹ ਹੈ ''ਕਿ ਕੁਰਬਾਨੀ ਕੁਝ ਅਜਿਹੀ ਚੀਜ਼ ਸੀ ਜਿਹੜੀ ਪਰਮੇਸ਼ੁਰ ਨੇ ਆਪ ਮੰਗੀ ਸੀ, ਕਿਉਂ ਜੋ ਪਰਮੇਸ਼ੁਰ ਦਾ ਆਪਣਾ ਸੁਭਾਅ ਹੀ ਕੁਰਬਾਨੀ ਭਰਿਆ ਹੈ।''[4]

ਇਹ ਨਿਯਮ ਕਿਨ੍ਹਾਂ ਲਈ ਦਿੱਤੇ ਗਏ ਸਨ? ਪੁਰਾਣੇ ਜ਼ਮਾਨੇ ਤੋਂ ਲੇਵੀਆਂ ਦੀ ਪੋਥੀ ਨੂੰ ''ਯਾਜਕਾਂ ਦਾ ਗੁਟਕਾ'' ਜਾਂ ''ਯਾਜਕਾਂ ਦੀ ਦਸਤੀ'' ਮੰਨਿਆ ਜਾਂਦਾ ਹੈ।[5] ਇਹ ਸਾਫ਼ ਲਗਦਾ ਹੈ ਕਿ ਇਨ੍ਹਾਂ ਨਿਯਮਾਂ ਦੇ ਮੂਲ ਪਾਠਕ ਯਾਜਕ ਰਹੇ ਹੋਣਗੇ ਜਿਨ੍ਹਾਂ ਦੀ ਜ਼ਿੰਮੇਵਾਰੀ ਤੰਬੂ ਵਿਚ ਕੀਤੀ ਜਾਣ ਵਾਲੀ ਬੰਦਗੀ ਕਰਵਾਉਣਾ ਸੀ। ਆਮ ਇਸਰਾਏਲੀਆਂ ਨੂੰ ਵੀ ਭੇਟਾਂ ਦੇ ਨਿਯਮਾਂ ਦਾ ਪਤਾ ਹੋਣਾ ਜ਼ਰੂਰੀ ਸੀ, ਜਿਸ ਕਰਕੇ ਨਿਯਮ ਉਨ੍ਹਾਂ ਲਈ ਸਨ। ਕਲਾਈਡ ਐੱਮ. ਵੂਡਸ ਨੇ ਇਹੀ ਵਿਚਾਰ ਜਤਾਇਆ, ''ਲੇਵੀਆਂ ਵਿਚਲੀ ਸਮੱਗਰੀ ਭਾਵੇਂ ਖ਼ਾਸ ਤੌਰ ਤੇ ਯਾਜਕਾਂ ਲਈ ਅਹਿਮ ਸੀ, ਪਰ ਇਹ ਹਰ ਇਸਰਾਏਲੀ ਲਈ ਜ਼ਰੂਰੀ ਸੀ, ਜਿਹੜਾ ਇਹ ਜਾਣਨ ਦਾ ਚਾਹਵਾਨ ਹੋਵੇ ਕਿ ਭੇਂਟ ਲਿਆਉਣ ਸਮੇਂ ਉਹਨੂੰ ਕੀ ਕਰਨਾ ਜ਼ਰੂਰੀ ਹੈ।''[6] ਸਾਫ਼ ਹੈ ਕਿ ਯਾਜਕਾਂ ਦੀ ਜ਼ਿੰਮੇਵਾਰੀ ਇਨ੍ਹਾਂ ਭੇਟਾਂ ਸਬੰਧੀ ਪਰਮੇਸ਼ੁਰ ਦੇ ਨਿਯਮ ਲੋਕਾਂ ਨੂੰ ਦੱਸਣਾ ਸੀ (10:11)।

ਨਿਯਮਾਂ ਦੇ ਦੇਣ ਵਾਲੇ ਦਾ ਸੰਕੇਤ ਦੇਣ ਦੇ ਬਾਅਦ ਅਧਿਆਇ 1 ਵੱਗ ਅਤੇ ਇੱਜੜ ਵਿੱਚੋਂ ਦਿੱਤੀਆਂ ਜਾਣ ਵਾਲੀਆਂ ਹੋਮ ਦੀਆਂ ਭੇਟਾਂ ਸਬੰਧੀ ਹਦਾਇਤਾਂ ਦਿੰਦਾ ਹੈ। ਇਹ ਪੰਛੀਆਂ ਸਬੰਧੀ ਦਿੱਤੀਆਂ ਹੋਮ ਦੀਆਂ ਭੇਟਾਂ ਦੇ ਨਾਲ ਖ਼ਤਮ ਹੁੰਦਾ ਹੈ।

## ਨਿਯਮਾਂ ਦਾ ਦੇਣ ਵਾਲਾ (1:1, 2)

**1ਯਹੋਵਾਹ ਨੇ ਮੂਸਾ ਨੂੰ ਸੱਦਿਆ ਅਤੇ ਉਸ ਨੂੰ ਮੰਡਲੀ ਦੇ ਡੇਰੇ ਵਿੱਚੋਂ ਬੋਲਿਆ, 2ਇਸਰਾਏਲੀਆਂ ਨਾਲ ਗੱਲ ਕਰ ਅਤੇ ਓਹਨਾਂ ਨੂੰ ਆਖ ਕਿ ਜੇ ਤੁਹਾਡੇ ਵਿੱਚੋਂ ਕੋਈ ਆਦਮੀ ਯਹੋਵਾਹ ਦੇ ਅੱਗੇ ਭੇਟ ਲਿਆਵੇ ਤਾਂ ਤੁਸਾਂ ਡੰਗਰਾਂ ਵਿੱਚੋਂ ਅਰਥਾਤ ਵੱਗਾਂ ਅਤੇ ਇੱਜੜਾਂ ਵਿੱਚੋਂ ਆਪਣੀ ਭੇਟ ਲਿਆਉਣੀ।**

ਪੁਸਤਕ ਦੇ ਅਰੰਭ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਅੱਗੇ ਦਿੱਤੇ ਨਿਯਮਾਂ ਦਾ ਦੇਣ ਵਾਲਾ ਯਹੋਵਾਹ ਆਪ ਹੀ ਸੀ।

**ਆਇਤ 1.** ਇਬਰਾਨੀ ਭਾਸ਼ਾ ਵਿਚ ਪੁਸਤਕ ਦਾ ਅਰੰਭ ਯੋਜਕ ਸ਼ਬਦ ''ਅਤੇ'' (ਵੇਖੋ KJV) ਨਾਲ ਹੁੰਦਾ ਹੈ ਜੋ ਇਹ ਸੁਝਾਅ ਦਿੰਦਾ ਹੈ ਕਿ ਇਹ ਕੂਚ ਦੀ ਕਿਤਾਬ ਵਿਚ ਮਿਲਣ ਵਾਲੇ ਵੇਰਵੇ ਤੋਂ ਅੱਗੇ ਹੈ। ਫਿਰ ਪਹਿਲੀ ਆਇਤ ਇਹ ਆਖ ਕੇ ਕਿ ਪਰਮੇਸ਼ੁਰ ਨੇ **ਮੂਸਾ ਨੂੰ** ਆਖਿਆ ਅਤੇ ਉਹਨੂੰ ਕਿਹਾ ਕਿ ਲੋਕਾਂ ਨੂੰ ਆਖੇ, ਪੂਰੀ ਪੁਸਤਕ ਦਾ ਲਹਿਜ਼ਾ ਤੈਅ ਕਰ ਦਿੰਦੀ ਹੈ। ਲੇਵੀਆਂ ਦੀ ਪੋਥੀ ਬਾਰ–ਬਾਰ ਇਹ ਸਪੱਸ਼ਟ ਕਰਦੀ ਹੈ ਕਿ ਇਸਰਾਏਲ ਦੇ ਜੀਵਨ ਅਤੇ ਧਰਮ ਨੂੰ ਚਲਾਉਣ ਦੇ ਨਿਯਮ ਦਾ ਦੇਣ ਵਾਲਾ ਪਰਮੇਸ਼ੁਰ ਸੀ, ਅਤੇ ਪਰਮੇਸ਼ੁਰ ਨੇ ਆਪਣੀ ਸ਼ਰ੍ਹਾ ਮੂਸਾ ਦੇ ਰਾਹੀਂ ਦਿੱਤੀ।[7] ਜਿਹੜੇ ਲੋਕ ਇਸ ਤੋਂ ਇਨਕਾਰ ਕਰਦੇ ਹਨ ਕਿ ਲੇਵੀਆਂ ਦੀ ਪੋਥੀ ਵਿਚਲੇ ਨਿਯਮ ਮੂਸਾ ਨੂੰ ਪਰਮੇਸ਼ੁਰ ਵੱਲੋਂ ਦਿੱਤੇ ਪ੍ਰਕਾਸ਼ ਵਿਚ ਦਿੱਤੇ ਗਏ ਸਨ, ਉਹ ਇਨ੍ਹਾਂ ਸਾਫ਼ ਗੱਲਾਂ ਦੀ ਸਚਿਆਈ ਦਾ ਇਨਕਾਰ ਕਰਦੇ ਹਨ।

ਪਰਮੇਸ਼ੁਰ ਨੇ ਮੂਸਾ ਨਾਲ **ਮੰਡਲੀ ਦੇ ਡੇਰੇ** ਵਿੱਚੋਂ, ਜੋ ਕਿ ਤੰਬੂ ਦਾ ਇਕ ਹੋਰ ਨਾਂਅ ਹੈ, ਗੱਲ ਕੀਤੀ।[8] ''ਡੇਰਾ'' ਸ਼ਬਦ ਉਹਦੇ ਢਾਂਚੇ ਦਾ ਸੂਚਕ ਹੈ ਕਿ ਇਹ ਇਕ ''ਤੰਬੂ'' ਸੀ ਜੋ ਇਕ ਉਚਾਵਾਂ

ਢਾਂਚਾ ਸੀ। ''ਮੰਡਲੀ ਦੇ ਡੇਰੇ'' ਵਾਕ ਅੰਸ਼ ਇਸ ਦੇ ਕੰਮ ਦਰਸਾਉਂਦਾ ਹੈ ਕਿ ਇਹ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਦੇ ਲੋਕ ਇਕੱਠਾ ਹੁੰਦੇ ਸਨ। ਉਦਾਹਰਣ ਲਈ (''ਪਵਿੱਤਰ ਸਮਾਗਮਾਂ'' ਲਈ), ਪਰ ਨਾਲੇ, ਅਤੇ ਖ਼ਾਸ ਕਰਕੇ ਇਹ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਆਪਣੇ ਲੋਕਾਂ ਦੇ ਨਾਲ ਮੁਲਾਕਾਤ ਕਰਦਾ ਹੁੰਦਾ ਸੀ। ਇਸ ਸੰਦਰਭ ਵਿਚ ਦਿੱਤਾ ਗਿਆ ਜ਼ੋਰ ਇਸ ਗੱਲ ਤੇ ਲਗਦਾ ਹੈ ਕਿ ਡੇਰਾ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਆਪਣੇ ਵਚਨ ਦੇਣ ਲਈ ਮੂਸਾ ਦੇ ਨਾਲ ਮੁਲਾਕਾਤ ਕਰਦਾ ਹੁੰਦਾ ਸੀ ਕਿ ਉਹ ਉਹਨੂੰ ਅੱਗੇ ਲੋਕਾਂ ਨੂੰ ਸੌਂਪ ਦਵੇ।

**ਆਇਤ 2.** ਇਸ ਆਇਤ ਦੀਆਂ ਹਦਾਇਤਾਂ ਤੋਂ ਸੰਕੇਤ ਮਿਲਦਾ ਹੈ ਕਿ ਯਹੋਵਾਹ ਕਿਸੇ ਤਰ੍ਹਾਂ ਦੀ ਨਵੀਂ ਅਤੇ ਵੱਖਰੀ ਧਾਰਮਿਕ ਗਤੀਵਿਧੀ ਤੇ ਚਰਚਾ ਨਹੀਂ ਕਰ ਰਿਹਾ ਸੀ। ਉਹਨੇ ਇਹ ਆਖਦਿਆਂ ਸ਼ੁਰੂ ਕੀਤਾ, **ਜੇ ਤੁਹਾਡੇ ਵਿੱਚੋਂ ਕੋਈ ਆਦਮੀ ਯਹੋਵਾਹ ਦੇ ਅੱਗੇ ਭੇਟ ਲਿਆਵੇ** . . . ਉਸ ਨੂੰ ਪਤਾ ਸੀ ਕਿ ਉਹ ਭੇਟਾਂ ਲਿਆਉਣਗੇ ਇਸ ਕਰਕੇ ਉਹ ਇਨਾਂ ਹੀ ਦੱਸਣਾ ਚਾਹੁੰਦਾ ਸੀ ਕਿ ਇਸ ਨੂੰ ਲਿਆਉਣ ਦਾ ਸਹੀ ਤਰੀਕਾ ਕੀ ਹੈ। ਉਹਨੇ ਉਨ੍ਹਾਂ ਨੂੰ ਸਮਝਾਉਣਾ ਸੀ ਕਿ ਆਪਣੀਆਂ ਭੇਟਾਂ ਕਿਸ ਤਰ੍ਹਾਂ ਨਾਲ ਲਿਆਉਣ ਕਿ ਉਹ ਖੁਸ਼ ਹੋ ਜਾਵੇ। **ਭੇਟ** ਸ਼ਬਦ ਇਬਰਾਨੀ ਭਾਸ਼ਾ ਦੇ ਸ਼ਬਦ *qorban* (*ਕੋਰਬਾਨ*) ਦਾ ਅਨੁਵਾਦ ਹੈ, ਜਿਸ ਦਾ ਅਰਥ ਹੈ ਪਰਮੇਸ਼ੁਰ ਦੇ ''ਨੇੜੇ ਲਿਆਂਦਾ ਗਿਆ।'' ਇਸ ਦਾ ਅਰਥ ''ਵੇਦੀ ਉੱਤੇ ਪਵਿੱਤਰ ਕੀਤੇ ਜਾਣ ਵਾਲੀ ਚੀਜ਼'' ਜਾਂ ''ਵੇਦੀ ਵਿਚ ਵਰਤੇ ਜਾਣ ਲਈ ਰੱਖੀ ਚੀਜ਼''[9] ਹੈ।

## ਵੱਗ ਵਿੱਚੋਂ ਹੋਮ ਦੀ ਭੇਟ (1:3-9)

**3ਜੇ ਉਸ ਦੀ ਭੇਟ ਵੱਗ ਦੀ ਇੱਕ ਹੋਮ ਬਲੀ ਦੀ ਹੋਵੇ ਤਾਂ ਉਹ ਇੱਕ ਬੱਜ ਤੋਂ ਰਹਿਤ ਨਰ ਚੜ੍ਹਾਵੇ। ਉਹ ਯਹੋਵਾਹ ਦੇ ਅੱਗੇ ਮੰਡਲੀ ਦੇ ਡੇਰੇ ਦੇ ਦਰਵੱਜੇ ਦੇ ਕੋਲ ਉਹ ਨੂੰ ਚੜ੍ਹਾਵੇ ਭਈ ਉਹ ਯਹੋਵਾਹ ਦੇ ਅੱਗੇ ਕਬੂਲ ਹੋਵੇ 4ਅਤੇ ਉਹ ਆਪਣਾ ਹੱਥ ਉਸ ਹੋਮ ਬਲੀ ਦੇ ਸਿਰ ਉੱਤੇ ਰੱਖੇ ਅਤੇ ਉਹ ਉਸ ਦਾ ਪ੍ਰਾਸਚਿਤ ਕਰਨ ਲਈ ਉਸ ਦੇ ਕੋਲੋਂ ਮੰਨਿਆ ਜਾਏ 5ਅਤੇ ਉਹ ਯਹੋਵਾਹ ਦੇ ਅੱਗੇ ਉਸ ਬਲਦ ਨੂੰ ਕੱਟੇ ਅਤੇ ਜਾਜਕ, ਹਾਰੂਨ ਦੇ ਪੁੱਤਰ, ਉਸ ਦਾ ਲਹੂ ਲਿਆ ਕੇ ਉਸ ਜਗਵੇਦੀ ਦੇ ਉੱਤੇ ਜੋ ਮੰਡਲੀ ਦੇ ਡੇਰੇ ਦਰਵੱਜੇ ਕੋਲ ਹੈ ਚੁਫੇਰੇ ਛਿਣਕਣ 6ਅਤੇ ਉਹ ਉਸ ਹੋਮ ਬਲੀ ਦੀ ਖੱਲ ਉਧੇੜ ਲਵੇ ਅਰ ਉਸ ਨੂੰ ਟੋਟੇ ਟੋਟੇ ਕਰੇ 7ਅਤੇ ਹਾਰੂਨ ਜਾਜਕ ਦੇ ਪੁੱਤਰ ਜਗਵੇਦੀ ਦੇ ਉੱਤੇ ਅੱਗ ਧਰਨ ਅਤੇ ਅੱਗ ਦੇ ਉੱਤੇ ਲੱਕੜਾਂ ਚਿਣਨ 8ਅਤੇ ਜਾਜਕ, ਹਾਰੂਨ ਦੇ ਪੁੱਤਰ, ਲੱਕੜਾਂ ਦੇ ਉੱਤੇ ਜੋ ਉਸ ਜਗਵੇਦੀ ਦੀ ਅੱਗ ਉੱਤੇ ਹੈ ਓਹ ਟੋਟੇ, ਸਿਰ ਅਤੇ ਚਰਬੀ ਨੂੰ ਸੁਧਾਰ ਕੇ ਰੱਖਣ 9ਪਰ ਉਸ ਦੀਆਂ ਆਂਦ੍ਰਾਂ ਤੇ ਉਸ ਦੀਆਂ ਲੱਤਾਂ ਓਹ ਪਾਣੀ ਨਾਲ ਧੋ ਸੁੱਟਣ ਅਤੇ ਜਾਜਕ ਸਭਨਾਂ ਨੂੰ ਜਗਵੇਦੀ ਦੇ ਉੱਤੇ ਹੋਮ ਕਰਕੇ ਅਤੇ ਯਹੋਵਾਹ ਦੇ ਅੱਗੇ ਇੱਕ ਸੁਗੰਧਤਾ ਦੀ ਅੱਗ ਦੀ ਭੇਟ ਕਰਕੇ ਸਾੜੇ।**

ਪਹਿਲੀ ਤਰ੍ਹਾਂ ਦੀ ਭੇਟ ''ਵੱਗ ਦੀ ਇਕ ਹੋਮਬਲੀ'' ਹੈ। ਦੂਜੇ ਸ਼ਬਦਾਂ ਵਿਚ ਇਹ ਉਨ੍ਹਾਂ ਦੇ ਪਸ਼ੂਆਂ ਵਿੱਚੋਂ ਕਿਸੇ ਦੀ ਕੁਰਬਾਨੀ ਹੈ। ਅਗਲੀਆਂ ਆਇਤਾਂ ਦੇ ਨਾਲ ਨਾਲ ਇਹ ਆਇਤ ''ਕਿਵੇਂ ਕਰਨਾ'' ਦੀਆਂ ਹਦਾਇਤਾਂ ਨੂੰ ਦੱਸਦੀ ਹੈ। ਇਨ੍ਹਾਂ ਹਦਾਇਤਾਂ ਦਾ ਪਹਿਲਾ ਭਾਗ ਮੁੱਖ ਤੌਰ ਤੇ ਭੇਟ ਲਿਆਉਣ ਵਾਲੇ ਵਿਅਕਤੀ ਉੱਤੇ ਲਾਗੂ ਹੁੰਦਾ ਸੀ (1:3–6); ਦੂਜੀ, ਯਾਜਕਾਂ ਉੱਤੇ ਜਿਹੜੇ ਅਸਲ ਵਿਚ ਵੇਦੀ ਉੱਤੇ ਭੇਟ ਚੜ੍ਹਾਉਂਦੇ ਸਨ (1:7–9)।

**ਆਇਤਾਂ 3-6. ਇਕ ਹੋਮ ਬਲੀ** ਡੇਰੇ ਦੇ ਸਾਹਮਣੇ ਬਣੀ ਹੋਮ ਬਲੀ ਦੀ ਵੇਦੀ ਉੱਤੇ ਅੱਗ ਨਾਲ ਭਸਮ ਹੋਣ ਵਾਲੀ ਕੁਰਬਾਨੀ ਸੀ। ਇਬਰਾਨੀ ਭਾਸ਼ਾ ਵਿਚ ''ਹੋਮ ਬਲੀ'' ਲਈ ਸ਼ਬਦ *'olah* (*ਓਲਾਹ*) ਹੈ ਜੋ ਉਸ ਦਾ ਪ੍ਰਤੀਕ ਹੈ ਜੋ ''ਚੜ੍ਹਦਾ ਜਾਂ ਉੱਠਦਾ'' ਹੈ। ਇਸ ਸ਼ਬਦ ਦੀ ਵਰਤੋਂ ਇਸ

ਲਈ ਕੀਤੀ ਜਾਂਦੀ ਸੀ ਕਿਉਂ ਜੋ ''ਜਾਨਵਰ ਪੂਰੀ ਤਰ੍ਹਾਂ ਨਾਲ ਅੱਗ ਵਿਚ ਭਸਮ ਹੋ ਕੇ ਧੂਏਂ ਵਿਚ ਯਹੋਵਾਹ ਦੇ ਅੱਗੇ ਚੜ੍ਹਦਾ ਸੀ।''[10]

ਹੋਮ ਬਲੀ ਲਿਆਉਣ ਦਾ ਮਕਸਦ ਆਇਤਾਂ 3 ਅਤੇ 4 ਵਿਚ ਦੱਸਿਆ ਗਿਆ ਹੈ। ਅਜਿਹੀ ਭੇਟ ਆਪਣੀ ਮਰਜ਼ੀ ਨਾਲ ਲਿਆਈ ਜਾਂਦੀ ਸੀ। ਇਸ ਕਰਕੇ ਹਦਾਇਤ ਦੀ ਸ਼ੁਰੂਆਤ **ਜੇ** ਨਾਲ ਹੁੰਦੀ ਹੈ ਅਤੇ ਇਸ ਵਿਚ ''ਲਾਜ਼ਮੀ'' ਦੇ ਅਰਥ ਵਾਲਾ ਕੋਈ ਸ਼ਬਦ ਨਹੀਂ ਹੈ ਭਾਵ ਇਹ ਮਨਮਰਜ਼ੀ ਨਾਲ ਦਿੱਤੀ ਜਾਣ ਵਾਲੀ ਭੇਟ ਸੀ। ਫਿਰ ਵੀ ਭੇਟ ਕਰਨ ਲਈ ਬੰਦਗੀ ਕਰਨ ਵਾਲੇ ਦਾ ਮਨੋਰਥ ਇਹ ਹੁੰਦਾ ਸੀ ਕਿ **ਉਹ ਯਹੋਵਾਹ ਦੇ ਅੱਗੇ ਕਬੂਲ ਹੋਵੇ** ਅਤੇ ਉਹ ਕੁਰਬਾਨੀ **ਉਸ ਦਾ ਪ੍ਰਾਸਚਿਤ ਕਰਨ ਲਈ ਉਸ ਦੇ ਕੋਲੋਂ ਮੰਨਿਆ ਜਾਵੇ**। ''ਪ੍ਰਾਸਚਿਤ'' ਸ਼ਬਦ ਦਾ ਅਨੁਵਾਦ ਇਬਰਾਨੀ ਸ਼ਬਦ *kipper* (*ਕਿੱਪਰ*) ਦੇ ਰੂਪ ਤੋਂ ਹੋਇਆ ਹੈ ਜਿਸ ਦਾ ਅਰਥ ਆਮ ਤੌਰ ਤੇ ''ਢੱਕਣਾ'' ਦੱਸਿਆ ਜਾਂਦਾ ਹੈ, ਜਿਵੇਂ (ਪਾਪ ਢੱਕ ਲੈਣਾ) ਦੇ ਅਰਥ ਵਿਚ। ਪਰ ਇਸ ਨੂੰ ''ਫਿਰੌਤੀ'' ਵਰਗੇ ਅਰਥ ਵਾਲੇ ਕਿਸੇ ਸ਼ਬਦ ਦੇ ਰੂਪ ਵਿਚ ਵੇਖਣਾ ਹੋਰ ਬੇਹਤਰ ਹੋ ਸਕਦਾ ਹੈ। ਇਸ ਤੋਂ ਇਹ ਸੁਝਾਅ ਮਿਲੇਗਾ ਕਿ ਜਾਨਵਰ ਨੂੰ ਕੁਰਬਾਨੀ ਦੇਣ ਵਾਲੇ ਵਿਅਕਤੀ ਦੀ ਫਿਰੌਤੀ, ਜਾਂ ਵਟਾਂਦਰੇ ਵਜੋਂ ਦਿੱਤਾ ਗਿਆ ਸੀ।[11] CEV ਦੇ ਸੁਤੰਤਰ ਅਨੁਵਾਦ ਵਿਚ ਇਸ ਵਿਚਾਰ ਨੂੰ ਬੇਹਤਰ ਵਿਖਾਇਆ ਗਿਆ ਹੈ: ''ਮੈਂ ਤੁਹਾਡੇ ਪਾਪ ਚੁੱਕਣ ਲਈ ਕੁਰਬਾਨੀ ਦੇ ਰੂਪ ਵਿਚ ਜਾਨਵਰ ਨੂੰ ਕਬੂਲ ਕਰ ਲਵਾਂਗਾ।''

**ਵੱਗ ਦੀ** ਹੋਮ ਬਲੀ ਵਿੱਚੋਂ ਲਿਆਉਣ ਦੀਆਂ ਹਦਾਇਤਾਂ ਵਿਚ ਸੱਤ ਕਦਮ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਇਹੀ ਜ਼ੋਰ ਦਿੰਦੇ ਸਨ ਕਿ ਕੁਰਬਾਨੀ ਲਿਆਉਣ ਵਾਲੇ ਵਿਅਕਤੀ ਲਈ ਕੀ ਕਰਨਾ ਜ਼ਰੂਰੀ ਸੀ।

ਪਹਿਲਾ, ਕੁਰਬਾਨੀ ਲਿਆਉਣ ਵਾਲੇ ਲਈ **ਇੱਕ ਬੱਜ ਤੋਂ ਰਹਿਤ ਨਰ** ਨੂੰ ਚੁਣਨਾ ਜ਼ਰੂਰੀ ਸੀ (1:3)। ਯਹੋਵਾਹ ਅੱਗੇ ਚੜ੍ਹਾਉਣ ਲਈ ਚੁਣਿਆ ਗਿਆ ਬਲਦ ਤੰਦਰੁਸਤ ਹੋਣਾ ਜ਼ਰੂਰੀ ਸੀ, ਨਾ ਕਿ ਬੀਮਾਰ ਜਾਂ ਜ਼ਖਮੀ ਜਾਨਵਰ।

ਦੂਜਾ, ਬਲਦ ਨੂੰ ਕੁਰਬਾਨੀ ਲਿਆਉਣ ਵਾਲੇ ਵਿਅਕਤੀ ਵੱਲੋਂ **ਮੰਡਲੀ ਦੇ ਡੇਰੇ ਦੇ ਦਰਵੱਜੇ ਦੇ ਕੋਲ** ਚੜ੍ਹਾਉਣਾ ਜ਼ਰੂਰੀ ਸੀ ਤਾਂ ਜੋ ''ਉਹ ਯਹੋਵਾਹ ਦੇ ਅੱਗੇ ਕਬੂਲ ਹੋਵੇ'' (1:3)। ਸ਼ਾਇਦ ਵਿਚਾਰ ਇਹ ਹੈ ਕਿ ਇਸ ਨੂੰ ਯਾਜਕਾਂ ਅੱਗੇ ਪੇਸ਼ ਕੀਤਾ ਜਾਂਦਾ ਸੀ ਜਿਹੜੇ ਇਸ ਵਿੱਚੋਂ ਨੁਕਸ ਲੱਭਦੇ ਸਨ ਅਤੇ ਜੇ ਕੋਈ ਨੁਕਸ ਨਾ ਲੱਭੇ ਤਾਂ ਉਹ ਕਬੂਲ ਹੁੰਦਾ ਸੀ।

ਤੀਜਾ, ਇਸਰਾਏਲੀ ਆਦਮੀ ਲਈ ਜ਼ਰੂਰੀ ਸੀ ਕਿ **ਉਹ ਆਪਣਾ ਹੱਥ ਉਸ** ਜਾਨਵਰ **ਦੇ ਸਿਰ ਉੱਤੇ ਰੱਖੇ** ਤਾਂ ਜੋ ਇਹ ''ਉਸ ਦਾ ਪ੍ਰਾਸਚਿਤ ਕਰਨ ਲਈ ਉਸ ਦੇ ਕੋਲੋ ਮੰਨਿਆ ਜਾਵੇ'' (1:4)। ਬੰਦਗੀ ਕਰਨ ਵਾਲੇ ਦਾ ਜਾਨਵਰ ਦੇ ਸਿਰ ਤੇ ਹੱਥ ਰੱਖਣ ਦਾ ਮਹੱਤਵ ਵਚਨ ਵਿਚ ਸਾਫ਼ ਨਹੀਂ ਦੱਸਿਆ ਗਿਆ। ਅਜਿਹਾ ਲੱਗਦਾ ਹੈ ਕਿ ਸੰਕੇਤਕ ਤੌਰ ਤੇ ਇਸ ਵਿਚ ਆਦਮੀ ਦੇ ਪਾਪ ਜਾਨਵਰ ਦੇ ਸਿਰ ਤੇ ਪਾਉਣਾ ਸੀ; ਉਹਦੇ ਬਾਅਦ ਭੇਟ ਕਰਨ ਵਾਲੇ ਦੇ ਪਾਪਾਂ ਦੇ ਪ੍ਰਾਸਚਿਤ ਲਈ ਠਹਿਰਾਇਆ ਜਾਨਵਰ ਨੂੰ ਕੱਟ ਦਿੱਤਾ ਜਾਂਦਾ ਸੀ।

ਚੌਥਾ, ਇਸ ਦੇ ਬਾਅਦ ਕੁਰਬਾਨੀ ਲਿਆਉਣ ਵਾਲਾ ਜਾਨਵਰ ਨੂੰ **ਯਹੋਵਾਹ ਦੇ ਅੱਗੇ** ਮਾਰ ਦਿੰਦਾ (1:5)। ਫੇਰ, ਇਸ ਅਭਿਵਿਅਕਤੀ ਤੋਂ ਸੁਝਾਅ ਲਗਦਾ ਹੈ ਕਿ ਜਾਨਵਰ ਦਾ ਮਾਰਿਆ ਜਾਣਾ ਕਿਸੇ ਖ਼ਾਸ ਥਾਂ ਤੇ ਖ਼ਾਸ ਰਸਮ ਦੇ ਅਨੁਸਾਰ ਕੀਤਾ ਜਾਂਦਾ ਸੀ, ਬੇਸ਼ੱਕ ਡੇਰੇ ਦੇ ਅਹਾਤੇ ਦੇ ਅੰਦਰ।

ਪੰਜਵਾਂ, ਯਾਜਕ ਲਈ ਹੋਮ ਬਲੀ ਦੀ ਵੇਦੀ ਉੱਤੇ ਕੱਟੇ ਗਏ ਬਲਦ ਦਾ **ਲਹੂ ਛਿਣਕਣਾ** ਜ਼ਰੂਰੀ ਸੀ (1:5)।

ਛੇਵਾਂ, ਇਸ ਤੋਂ ਬਾਅਦ ਹੋਮ ਬਲੀ ਲਿਆਉਣ ਵਾਲਾ ਬੰਦਾ **ਉਸ ਹੋਮ ਬਲੀ ਦੀ ਖੱਲ ਉਧੇੜ** *ਕੇ* **ਉਸ ਨੂੰ ਟੋਟੇ ਟੋਟੇ** ਕਰਦਾ ਸੀ (1:6)। ਇਸ ਕਰਕੇ ਕੁਰਬਾਨੀ ਵਾਲੇ ਜਾਨਵਰ ਦੀ ਤਿਆਰੀ ਲਈ,

ਬਲੀ ਕੀਤੇ ਜਾਣ ਵਾਲੇ ਜਾਨਵਰ ਨੂੰ ਮਾਰਨ ਅਤੇ ਉਸ ਦੀ ਖੱਲ ਲਾਹੁਣ ਅਤੇ ਉਹਨੂੰ ਕੱਟਣ ਤਕ ਦੀ ਸਾਰੀ ਜ਼ਿੰਮੇਵਾਰੀ ਕੁਰਬਾਨੀ ਲਿਆਉਣ ਵਾਲੇ ਦੀ ਹੁੰਦੀ ਸੀ।

**ਆਇਤਾਂ 7-9.** ਵੱਗ ਦੇ ਕਿਸੇ ਜਾਨਵਰ ਦੀ ਭੇਟ ਵਿਚ ਸਤਵਾਂ ਅਤੇ ਆਖ਼ਰੀ ਕਦਮ ਯਾਜਕਾਂ ਲਈ ਅਸਲ ਕੁਰਬਾਨੀ ਦੇਣਾ ਹੁੰਦਾ ਸੀ। ਸਿਰਫ਼ ਉਨ੍ਹਾਂ ਨੂੰ ਹੀ ਡੇਰੇ (ਅਤੇ ਬਾਅਦ ਵਿਚ ਹੈਕਲ) ਦੀ ਵੇਦੀ ਦੇ ਸਾਹਮਣੇ ਚੜ੍ਹਾਉਣ ਦਾ ਇਖ਼ਤਿਆਰ ਸੀ।

ਯਾਜਕ ਦਾ ਕੰਮ ਬਲਦ ਦੇ ਟੁਕੜੇ ਲੈ ਕੇ ਵੇਦੀ ਉੱਤੇ ਰੱਖਣਾ ਅਤੇ ਉਨ੍ਹਾਂ ਨੂੰ ਸਾੜਨਾ ਹੁੰਦਾ ਸੀ। ਅਜਿਹਾ ਕਰਨ ਲਈ ਉਹਦੇ ਲਈ ਇਹ ਵੇਖਣਾ ਜ਼ਰੂਰੀ ਸੀ ਕਿ **ਜਗਵੇਦੀ ਉੱਤੇ ਅੱਗ** ਹੈ ਫਿਰ ਉਹ **ਅੱਗ ਦੇ ਉੱਤੇ ਲੱਕੜਾਂ** ਰੱਖਦਾ ਸੀ (1:7)। ਅਖ਼ੀਰ ਵਿਚ ਉਹਦਾ ਕੰਮ ਕੁਰਬਾਨੀ ਦੇ ਜਾਨਵਰ ਦੇ **ਟੋਟੇ, ਸਿਰ ਅਤੇ ਚਰਬੀ**[12] ਨੂੰ **ਲੱਕੜਾਂ** ਦੇ ਉੱਤੇ ਸਜਾਉਣਾ ਹੁੰਦਾ ਸੀ (1:8)। ਜਾਨਵਰ ਦੇ ਕਈ ਅੰਗ ਕੁਰਬਾਨੀ ਦੇ ਕਬੂਲੇ ਜਾਣ ਯੋਗ ਹੋਣ ਲਈ ਜ਼ਰੂਰੀ ਸਨ ਜਿਵੇਂ ਇਸ ਦੀਆਂ **ਆਂਦਰਾਂ** ਅਤੇ ਉਸ ਦੀਆਂ **ਲੱਤਾਂ ਪਾਣੀ ਨਾਲ ਧੋਣੀਆਂ** (ਸ਼ਾਇਦ ਮਿੱਟੀ ਘੱਟਾ ਅਤੇ ਗੰਦ–ਮੰਦ ਸਾਫ਼ ਕਰਨ ਲਈ)(1:9)।

ਯਾਜਕ ਦਾ ਕੰਮ ਸਾਰੀ ਤਿਆਰੀ ਕਰ ਲੈਣ ਦੇ ਬਾਅਦ ਸਭ ਕੁਝ ਵੇਦੀ ਉੱਤੇ **ਹੋਮ ਕਰਕੇ, ਅੱਗ ਦੀ ਭੇਟ ਕਰਕੇ** ਚੜ੍ਹਾਉਣਾ ਸੀ। ਅਜਿਹੀ ਕੁਰਬਾਨੀ ਕੀਤੀ ਜਾਣ ਵਾਲੀ ਕੋਸ਼ਿਸ਼ ਦਾ ਨਤੀਜਾ ਇਹ ਸੀ ਕਿ ਉਹ ਕੁਰਬਾਨੀ **ਯਹੋਵਾਹ ਦੇ ਅੱਗੇ ਇਕ ਸੁਗੰਧਤਾ** ਹੋਣੀ ਸੀ (1:9)। ਇਹ ਵਿਚਾਰ ਕਿ ਕੁਰਬਾਨੀਆਂ ਯਹੋਵਾਹ ਦੇ ਅੱਗੇ ਇਕ ਸੁਗੰਧਤਾ ਹੁੰਦੀਆਂ ਸਨ[13] ਕਿਤਾਬ ਦੇ ਬਾਕੀ ਹਿੱਸੇ ਵਿਚ ਕਈ ਵਾਰ ਮਿਲਦਾ ਹੈ। ਇਹ ਇਸ ਦਾ ਸੁਝਾਅ ਦਿੰਦਾ ਹੈ ਕਿ ਕੁਰਬਾਨੀ ਦੀ ਅੱਗ ਵਿੱਚੋਂ ਨਿਕਲਣ ਵਾਲੀ ਮਹਿਕ ਪਰਮੇਸ਼ੁਰ ਨੂੰ ਭਾਉਂਦੀ ਸੀ। (ਵੇਦੀ ਉੱਤੇ ਸਾੜੇ ਜਾਣ ਵਾਲੇ ਜਾਨਵਰ ਦੀ ਮਹਿਕ ਸਾਨੂੰ ਜਿਹੋ ਜਿਹੀ ਵੀ ਲੱਗੇ ਪਰ ਇਹੀ ਸਚ ਹੈ।) ਬੇਸ਼ੱਕ ਇਹ ਭਾਸ਼ਾ ਮਨੁੱਖ ਰੂਪੀ ਇਸ ਗੱਲ ਵਿਚ ਹੈ ਕਿ ਪਰਮੇਸ਼ੁਰ ਨੂੰ ਮਨੁੱਖ ਵਰਗਾ ਦੱਸਦੀ ਹੈ। ਇਸ ਦਾ ਮਹੱਤਵ ਸਾਫ਼ ਹੈ ਕਿ ਅਜਿਹੀਆਂ ਭੇਟਾਂ ਪਰਮੇਸ਼ੁਰ ਨੂੰ ਪਸੰਦ ਸਨ ਅਤੇ ਉਹ ਉਹਨੂੰ ਕਬੂਲ ਸਨ।[14]

## ਇੱਜੜ ਵਿੱਚੋਂ ਹੋਮ ਦੀ ਭੇਟ (1:10-13)

**10ਅਤੇ ਜੇ ਉਸ ਦੀ ਭੇਟ ਇੱਜੜਾਂ ਵਿੱਚੋਂ ਹੋਵੇ ਅਰਥਾਤ ਭੇਡਾਂ ਜਾਂ ਬੱਕਰਿਆਂ ਦੀ ਹੋਮ ਬਲੀ**
**ਤਾਂ ਉਹ ਉਸ ਨੂੰ ਇੱਕ ਬੱਜ ਤੋਂ ਰਹਿਤ ਨਰ ਲਿਆਵੇ 11ਅਤੇ ਉਹ ਯਹੋਵਾਹ ਦੇ ਅੱਗੇ ਜਗਵੇਦੀ ਦੀ**
**ਉਤਰਲੀ ਵੱਲ ਉਸ ਨੂੰ ਕੱਟੇ ਅਤੇ ਜਾਜਕ, ਹਾਰੂਨ ਦੇ ਪੁੱਤਰ, ਜਗਵੇਦੀ ਦੇ ਉੱਤੇ ਚੁਫੇਰੇ ਉਹ ਦਾ ਲਹੂ**
**ਛਿਣਕਣ 12ਅਤੇ ਉਹ ਉਸ ਨੂੰ ਉਸ ਦੇ ਸਿਰ ਅਤੇ ਉਸ ਦੀ ਚਰਬੀ ਸਣੇ ਟੋਟੇ ਟੋਟੇ ਕਰੇ ਅਤੇ ਜਾਜਕ**
**ਉਸ ਜਗਵੇਦੀ ਦੀ ਅੱਗ ਦੀ ਲੱਕੜ ਉੱਤੇ ਸੁਧਾਰ ਕੇ ਰੱਖਣ 13ਪਰ ਉਸ ਦੀਆਂ ਆਂਦ੍ਰਾਂ ਅਤੇ ਲੱਤਾਂ**
**ਪਾਣੀ ਨਾਲ ਧੋਵੇ ਅਤੇ ਜਾਜਕ ਸਾਰਾ ਲਿਆ ਕੇ ਜਗਵੇਦੀ ਦੇ ਉੱਤੇ ਸਾੜੇ। ਇਹ ਯਹੋਵਾਹ ਦੇ ਅੱਗੇ**
**ਇੱਕ ਹੋਮ ਬਲੀ ਅਰਥਾਤ ਸੁਗੰਧਤਾ ਦੀ ਅੱਗ ਦੀ ਭੇਟ ਹੈ।**

**ਆਇਤਾਂ 10-13. ਇੱਜੜਾਂ ਵਿੱਚੋਂ** ਜਾਨਵਰ ਭੇਟ ਕਰਨ ਦੀਆਂ ਹਦਾਇਤਾਂ ਉਹੀ ਸਨ ਜਿਹੜੀਆਂ ਬਲਦ ਭੇਟ ਕਰਨ ਲਈ ਹਨ। ਕੁਰਬਾਨੀ ਲਿਆਉਣ ਵਾਲੇ ਇਸਰਾਏਲੀ ਲਈ ਆਪਣੀਆਂ **ਭੇਡਾਂ ਜਾਂ ਬੱਕਰਿਆਂ** ਵਿੱਚੋਂ ਇਕ **ਬੱਜ ਤੋਂ ਰਹਿਤ ਨਰ** ਚੁਣਨਾ ਹੁੰਦਾ ਸੀ (1: 10)। ਉਹਨੇ ਇਸ ਨੂੰ ਇਕ ਖ਼ਾਸ ਥਾਂ **ਯਹੋਵਾਹ ਦੇ ਅੱਗੇ ਜਗਵੇਦੀ ਦੀ ਉਤਰਲੀ ਵੱਲ** ਇਸ ਨੂੰ ਕੱਟਣਾ ਹੁੰਦਾ ਸੀ। ਯਾਜਕਾਂ ਨੇ **ਜਗਵੇਦੀ ਦੇ ਉੱਤੇ ਚੁਫੇਰੇ ਉਹ ਦਾ ਲਹੂ ਛਿਣਕਣਾ** ਹੁੰਦਾ ਸੀ (1: 11)। ਇਸਰਾਏਲੀ ਨੇ ਜਾਨਵਰ ਨੂੰ **ਟੋਟੇ ਟੋਟੇ** ਕਰਨਾ ਹੁੰਦਾ ਸੀ ਅਤੇ ਫਿਰ **ਜਾਜਕ** ਨੇ ਕੱਟੇ ਹੋਏ ਜਾਨਵਰ ਨੂੰ **ਜਗਵੇਦੀ ਉੱਤੇ ਸੁਧਾਰ ਕੇ ਰੱਖਣਾ** ਹੁੰਦਾ

ਸੀ (1:12)। **ਆਂਦ੍ਰਾਂ ਅਤੇ ਲੱਤਾਂ ਪਾਣੀ ਨਾਲ** ਉਵੇਂ ਹੀ ਧੋਣੀਆਂ ਹੁੰਦੀਆਂ ਸਨ ਜਿਵੇਂ ਬਲਦ ਦੀਆਂ ਧੋਤੀਆਂ ਜਾਂਦੀਆਂ ਸਨ। ਫਿਰ ਯਾਜਕ ਨੇ ਉਹਨੂੰ **ਸਾਰਾ ਲਿਆ ਕੇ ਜਗਵੇਦੀ ਦੇ ਉੱਤੇ ਸਾੜ**ਨਾ ਹੁੰਦਾ ਸੀ। ਜਿਸ ਨਾਲ ਇਹ ਭੇਟ **ਯਹੋਵਾਹ ਦੇ ਅੱਗੇ ਸੁਗੰਧਤਾ ਦੀ ਅੱਗ ਦੀ ਭੇਟ** ਬਣਨੀ ਸੀ (1:13)।

## ਪੰਛੀਆਂ ਦੀ ਹੋਮ ਦੀ ਭੇਟ (1:14-17)

**14ਅਤੇ ਜੇ ਯਹੋਵਾਹ ਦੇ ਅਗੇ ਉਸ ਦੇ ਹੋਮ ਦੀ ਭੇਟ ਪੰਛੀਆਂ ਦੀ ਹੋਵੇ, ਤਾਂ ਉਹ ਘੁੱਗੀਆਂ ਯਾ ਕਬੂਤਰਾਂ ਦਿਆਂ ਬੱਚਿਆਂ ਵਿੱਚੋਂ ਆਪਣੀ ਭੇਟ ਲਿਆਵੇ 15ਅਤੇ ਜਾਜਕ ਉਸ ਨੂੰ ਜਗਵੇਦੀ ਕੋਲ ਲਿਆਵੇ ਅਤੇ ਉਸ ਦਾ ਸਿਰ ਮਰੋੜ ਕੇ ਉਸ ਨੂੰ ਜਗਵੇਦੀ ਉੱਤੇ ਸਾੜੇ ਅਤੇ ਉਸ ਦਾ ਲਹੂ ਜਗਵੇਦੀ ਦੇ ਇੱਕ ਪਾਸੇ ਚੁਆਵੇ 16ਅਤੇ ਉਹ ਉਸ ਦਿਆਂ ਪਰਾਂ ਸਣੇ ਉਸ ਦੀ ਝੋਂਝ ਨੂੰ ਕੱਢ ਕੇ ਜਗਵੇਦੀ ਦੇ ਪੂਰਬ ਦੇ ਪਾਸੇ ਸੁਆਹ ਦੀ ਥਾਂ ਵਿੱਚ ਉਸ ਨੂੰ ਸੁੱਟੇ 17ਅਤੇ ਉਹ ਖੰਭਾਂ ਸਣੇ ਉਸ ਨੂੰ ਪਾੜੇ, ਪਰ ਉਸ ਨੂੰ ਵੱਖੋ-ਵੱਖ ਨਾ ਕਰੇ ਅਤੇ ਜਾਜਕ ਅੱਗ ਦੀ ਲੱਕੜ ਤੇ ਜਗਵੇਦੀ ਦੇ ਉੱਤੇ ਉਸ ਨੂੰ ਸਾੜੇ। ਇਹ ਯਹੋਵਾਹ ਦੇ ਅੱਗੇ ਇੱਕ ਸੁਗੰਧਤਾ ਦੀ ਅੱਗ ਦੀ ਭੇਟ ਦਾ ਇੱਕ ਹੋਮ ਹੈ।**

ਅਧਿਆਇ ਆਪਣੇ ਵੱਗ ਜਾਂ ਆਪਣੇ ਇੱਜੜ ਵਿੱਚੋਂ ਜਾਨਵਰ ਲਿਆਉਣ ਦੀ ਥਾਂ ''ਪੰਛੀ'' ਭੇਟ ਕਰਨ ਵਾਲਿਆਂ ਨਾਲ ਹਦਾਇਤਾਂ ਦੇਣ ਨਾਲ ਖ਼ਤਮ ਹੁੰਦਾ ਹੈ।

ਕੋਈ ਹੈਰਾਨ ਹੋ ਸਕਦਾ ਹੈ, ''ਕੋਈ ਹੋਮ ਬਲੀ ਲਈ ਪੰਛੀ ਚੜ੍ਹਾਉਣਾ ਕਿਉਂ ਚੁਣੇਗਾ?'' ਇਹ ਹਵਾਲਾ ਚਾਹੇ ਇਸ ਸਵਾਲ ਦਾ ਜਵਾਬ ਨਹੀਂ ਦਿੰਦਾ ਪਰ ਪਾਪ ਦੀਆਂ ਭੇਟਾਂ ਨਾਲ ਜੁੜਿਆ ਅਗਲਾ ਨਿਯਮ (5:7, 11) ਇਹ ਸੁਝਾਅ ਦਿੰਦਾ ਹੈ ਕਿ ਪਰਮੇਸ਼ੁਰ ਨੇ ਬੇਹੱਦ ਗ਼ਰੀਬਾਂ ਨੂੰ ਸਸਤੀਆਂ ਭੇਟਾਂ ਚੜ੍ਹਾਉਣ ਦੀ ਇਜਾਜ਼ਤ ਦਿੱਤੀ ਸੀ। ਅਜਿਹਾ ਲਗਦਾ ਹੈ ਕਿ ਇਹ ਇੰਤਜ਼ਾਮ ਅਜਿਹੇ ਇਸਰਾਏਲੀ ਲਈ ਸੰਭਵ ਬਨਾਉਣ ਲਈ ਕੀਤੇ ਗਏ ਸਨ ਜਿਹੜਾ ਯਹੋਵਾਹ ਅੱਗੇ ਹੋਮ ਬਲੀ ਚੜ੍ਹਾਉਣਾ ਤਾਂ ਚਾਹੁੰਦਾ ਹੋਵੇ ਪਰ ਉਹ ਬਲਦ ਜਾਂ ਲੇਲਾ ਨਾ ਚੜ੍ਹਾ ਸਕਦਾ ਹੋਵੇ, ਉਹਦੀ ਥਾਂ ਪੰਛੀ ਚੜ੍ਹਾ ਦਵੇ।[15]

**ਆਇਤ 14.** ਇਸ ਨਿਯਮ ਵਿਚ ਸਾਫ਼ ਹੈ ਕਿ ਜੇ ਕੋਈ **ਪੰਛੀਆਂ** ਨੂੰ ਚੜ੍ਹਾਉਣਾ ਚੁਣੇ **ਤਾਂ ਉਹ ਘੁੱਗੀਆਂ ਯਾ ਕਬੂਤਰਾਂ ਦਿਆਂ ਬੱਚਿਆਂ ਵਿੱਚੋਂ ਆਪਣੀ ਭੇਟ ਲਿਆਵੇ**।[16] ਅਜਿਹੀ ਭੇਟ ਲਿਆਉਣ ਵਾਲਾ ਚੜ੍ਹਾਵਾ ਚੜ੍ਹਾਉਣ ਵਾਲਾ ਕਿੰਨੇ ਪੰਛੀ ਲਿਆਵੇ ਇਸ ਬਾਰੇ ਕੋਈ ਸਾਫ਼ ਨਹੀਂ ਕਿਹਾ ਗਿਆ। ਸਾਫ਼ ਹੈ ਕਿ ਜੇ ਉਹ ਇੱਕੋ ਪੰਛੀ ਦਾ ਖਰਚਾ ਚੁੱਕ ਸਕਦਾ ਹੋਵੇ ਤਾਂ ਉਹ ਇੱਕੋ ਹੀ ਲਿਆ ਸਕਦਾ ਸੀ।

**ਆਇਤਾਂ 15-17.** ਇਹ ਹਦਾਇਤਾਂ ਅਧਿਆਇ ਵਿਚ ਦਿੱਤੀਆਂ ਪਹਿਲੀਆਂ ਹਦਾਇਤਾਂ ਨਾਲੋਂ ਫ਼ਰਕ ਲਗਦੀਆਂ ਹਨ ਕਿ ਚੜ੍ਹਾਵਾ ਚੜ੍ਹਾਉਣ ਵਾਲਾ ਪੰਛੀ ਜਾਂ ਪੰਛੀਆਂ ਨੂੰ ਲਿਆਵੇ ਜਦ ਕਿ ਭੇਂਟ ਨਾਲ ਜੁੜੀਆਂ ਬਾਕੀ ਚੀਜ਼ਾਂ **ਜਾਜਕ** ਕਰੇ। ਉਹਨੂੰ ਹਦਾਇਤ ਸੀ ਕਿ ਉਹ **ਉਸ ਦਾ ਸਿਰ ਮਰੋੜ ਕੇ ਉਸ ਦਾ ਲਹੂ ਜਗਵੇਦੀ ਤੇ ਇਕ ਪਾਸੇ ਚੁਆਵੇ** (1:15); ਉਸ ਦੀ **ਉਸ ਦੀ ਝੋਂਝ** (ਪੰਛੀ ਦੀ ਠੋਡੀ ਦਾ ਥੈਲੀ ਵਰਗਾ ਹਿੱਸਾ ਜਿੱਥੇ ਖਾਣਾ ਜਮ੍ਹਾ ਹੁੰਦਾ ਹੈ) ਨੂੰ ਉਸ ਦੇ **ਪਰਾਂ ਸਣੇ** ਸੁੱਟ ਦਵੇ (1:16); ਫਿਰ ਲਾਸ਼ ਨੂੰ ਦੋ ਹਿੱਸਿਆਂ ਵਿਚ ਪਾੜੇ ਬਗ਼ੈਰ **ਖੰਭਾਂ ਸਣੇ ਉਸ ਨੂੰ ਪਾੜੇ**; ਅਤੇ ਫਿਰ ਉਹਨੂੰ **ਯਹੋਵਾਹ ਦੇ ਅੱਗੇ ਇਕ ਸੁਗੰਧਤਾ** ਲਈ **ਜਗਵੇਦੀ ਦੇ ਉੱਤੇ** ਸਾੜੇ (1:17)।

ਲੇਵੀਆਂ 6:8–13 ਵਿਚ ਇਹ ਆਖਦਿਆਂ ਕਿ ਯਾਜਕ ਹੋਮ ਬਲੀ ਦੀ ਸੁਆਹ ਨੂੰ ''ਡੇਰਿਆਂ ਤੋਂ ਬਾਹਰ'' ਕਿਸੇ ''ਸੁਥਰੀ ਥਾਂ'' ਵਿਚ ਸੁੱਟ ਦਵੇ ਇਹ ਹਦਾਇਤਾਂ ਜੋੜਦਾ ਹੈ। ਹੋਰਨਾਂ ਭੇਟਾਂ ਦੇ ਉਲਟ ਯਾਜਕਾਂ ਨੂੰ ਹੋਮ ਦੀਆਂ ਬਲੀਆਂ ਤੋਂ ਕੋਈ ਫ਼ਾਇਦਾ ਨਹੀਂ ਹੁੰਦਾ ਸੀ (ਖਲੜੀ ਤੋਂ ਇਲਾਵਾ), ਕਿਉਂ ਜੋ ਉਹ ਵੇਦੀ ਉੱਤੇ ਭਸਮ ਹੋ ਜਾਂਦੀਆਂ ਸਨ।

## ਹੋਮ ਬਲੀ ਦਾ ਮਹੱਤਵ

ਹੋਮ ਬਲੀ ਪਰਮੇਸ਼ੁਰ ਦੇ ਪ੍ਰਤੀ ਪੂਰੇ ਸਮਰਪਣ ਨੂੰ ਵਿਖਾਉਂਦੀ ਅਤੇ ਉਸ ਦੀਆਂ ਰੱਬੀ ਬਰਕਤਾਂ ਲਈ ਬੇਨਤੀ ਦਾ ਕੰਮ ਕਰਦੀ ਸੀ। ਹੋਮ ਦੀਆਂ ਭੇਟਾਂ ਨਾਲ ਕੁਰਬਾਨੀ ਦੇਣ ਵਾਲਾ ''ਪ੍ਰਾਸਚਿਤ'' ਕਰਦਾ (1:4); ਅਤੇ ਸਹੀ ਢੰਗ ਨਾਲ ਦਿੱਤੇ ਜਾਣ ਤੇ ਉਹ ਯਹੋਵਾਹ ਦੇ ਅੱਗੇ ਸੁਗੰਧਤਾ ਦੀ ਭੇਟ ਬਣ ਜਾਂਦੀਆਂ (1:9, 13, 17)। ਉਹ ਖ਼ੁਦਾ ਨੂੰ ਭਾਉਂਦੀਆਂ ਅਤੇ ਕੁਰਬਾਨੀ ਦੇਣ ਵਾਲੇ ਦੇ ਕਬੂਲੇ ਜਾਣ ਦਾ ਕਾਰਨ ਬਣਦੀਆ ਸਨ।

ਹੋਰ ਤਰ੍ਹਾਂ ਦੀਆਂ ਭੇਟਾਂ ਦੇ ਵੀ ਪ੍ਰਾਸਚਿਤ ਦਾ ਕਾਰਣ ਅਤੇ ''ਯਹੋਵਾਹ ਦੇ ਅੱਗੇ ਸੁਗੰਧਤਾ'' ਬਣਨ ਦੀ ਗੱਲ ਕਹੀ ਗਈ ਹੈ। ਪਰ ਇਕੱਲੀ ਹੋਮ ਬਲੀ ਯਹੋਵਾਹ ਦੇ ਸਾਹਮਣੇ ਪੂਰੇ ਸਮਰਪਣ ਵਿਚ ਕੁਰਬਾਨੀ ਦੇਣ ਵਾਲੇ ਦੇ ਪੂਰਣ ਸਮਰਪਣ ਨੂੰ ਦਰਸਾਉਂਦੀ ਹੈ।

ਹੋਮ ਬਲੀ ਮਸੀਹੀ ਲੋਕਾਂ ਲਈ ਆਪਣੇ ਆਪ ਨੂੰ ਪ੍ਰਭੂ ਦੇ ਅੱਗੇ ਪੂਰੀ ਤਰ੍ਹਾਂ ਨਾਲ ਦੇ ਦੇਣ ਲਈ ਯਿਸੂ ਦੀ ਪੁਕਾਰ ਦਾ ਪ੍ਰਤੀਕ ਸੀ (ਮੱਤੀ 6:33; 16:24; ਵੇਖੋ ਰੋਮੀਆਂ 12:1, 2)। ਯਿਸੂ ਨੀਮ ਗਰਮ ਚੇਲਿਆਂ ਤੋਂ ਕਦੇ ਖੁਸ਼ ਨਹੀਂ ਹੋਇਆ। ਉਹ ਸਾਨੂੰ ਉਹਨੂੰ ਆਪਣਾ ਸਭ ਕੁਝ, ਅਜਿਹੇ ਸਮਰਪਣ ਨਾਲ ਜਿਸ ਨਾਲ ਸਾਡੀਆਂ ਜ਼ਿੰਦਗੀਆਂ ਪੂਰੀ ਤਰ੍ਹਾਂ ਨਾਲ ਭਸਮ ਹੋ ਜਾਣ, ਦੇ ਦੇਣ ਲਈ ਆਖਦਾ ਹੈ।

ਲੇਵੀਆਂ ਦੀ ਪੋਥੀ ਅਤੇ ਪੁਰਾਣੇ ਨੇਮ ਦੇ ਹੋਰ ਹਵਾਲੇ ਹੋਮ ਬਲੀ ਦੀ ਸਾਡੀ ਸਮਝ ਵਿਚ ਵਾਧਾ ਕਰਦੇ ਹਨ। ਲੇਵੀਆਂ 22:17–19 ਵਿਚ ਇਹ ਮਨਮਰਜ਼ੀ ਦੇ ਨਾਲ ਕੀਤੀ ਭੇਟ ਨਾਲ ਮਨੌਤ ਵਾਲੀ ਭੇਟ (ਸੁੱਖਣਾ ਪੂਰੀ ਹੋਣ ਤੇ) ਨਾਲ ਸਬੰਧਿਤ ਹੈ। ਗਿਣਤੀ 28 ਅਤੇ 29 ਵਿਚ ਦਿੱਤੀਆਂ ਹਦਾਇਤਾਂ ਵਿਚ ਜ਼ਰੂਰੀ ਸੀ ਕਿ ਹੋਮ ਦੀਆਂ ਭੇਟਾਂ ਰੋਜ਼ਮੱਰਾ ਦੀਆਂ ਕੁਰਬਾਨੀਆਂ ਵੇਲੇ, ਸੱਬਤ ਵਾਲੇ ਦਿਨ ਅਤੇ ਮਾਸਿਕ ਸਮਾਰੋਹਾਂ ਅਤੇ ਸਲਾਨਾ ਪਰਬਾਂ ਤੇ ਯਾਜਕਾਂ ਦੇ ਰਾਹੀਂ ਚੜ੍ਹਾਈਆਂ ਜਾਣ। ਹੋਮ ਬਲੀ ਕਈ ਵਾਰ ਯਹੋਵਾਹ ਅੱਗੇ ਕਿਸੇ ਖ਼ਾਸ ਬੇਨਤੀ ਨੂੰ ਲੈ ਕੇ ਦਿੱਤੀ ਜਾਂਦੀ ਸੀ (1 ਸਮੂਏਲ 13:12; 2 ਸਮੂਏਲ 24:21–25; ਜ਼ਬੂਰ 66:13–20)।

## ਪ੍ਰਸੰਗਿਕਤਾ

### ਹੋਮ ਬਲੀ: ''ਹੇ ਪ੍ਰਭੂ, ਮੇਰਾ ਕੀ ਹਾਲ ਹੈ?'' (ਅਧਿਆਇ 1)

ਲੇਵੀਆਂ ਦੀ ਪੋਥੀ ਮਸੀਹ ਦੇ ਬਹੁਪੱਖੀ ਵਿਚਾਰ ਨੂੰ ਰੂਪ (ਟਾਈਪ)[17] ਵਿਚ ਪੇਸ਼ ਕਰਦੀ ਹੈ। ਉਹ ਸਾਡਾ ਪ੍ਰਧਾਨ ਯਾਜਕ ਹੈ। ਉਹ ਕੁਰਬਾਨੀ ਵੀ ਹੈ ਜਿਸ ਦੀ ਝਲਕ ਲੇਵੀਆਂ ਦੀ ਪੋਥੀ ਵਿਚ ਦਿੱਤੀਆਂ ਵੱਖੋ-ਵੱਖ ਭੇਟਾਂ ਵਿਚ ਮਿਲਦੀ ਹੈ। ਲੇਵੀਆਂ ਦੀ ਪੋਥੀ ਵਿਚਲੀ ਹਰ ਭੇਟ ਦੇ ਤਿੰਨ ਭਾਗ ਹਨ: (1) ਭੇਟ ਦੇਣ ਵਾਲਾ: ਇਸਰਾਏਲੀ; (2) ਯਾਜਕ: ਵਿਚੋਲਾ ਅਤੇ ਆਪਣੇ ਭਾਈਆਂ ਦੇ ਨਾਲ ਸਾਂਝੀ; ਅਤੇ (3) ਭੇਟ।

ਲੇਵੀਆਂ ਦੀ ਪੋਥੀ ਵਿਚ ਪੰਜ ਵੱਖੋ-ਵੱਖ ਕੁਰਬਾਨੀਆਂ ਦੱਸੀਆਂ ਗਈਆਂ ਹਨ। ਇਨ੍ਹਾਂ ਕੁਰਬਾਨੀਆਂ ਵਿਚ ਮਸੀਹ ਨੂੰ ਆਪਣੀਆਂ ਕਈ ਭੂਮਿਕਾਵਾਂ ਵਿਚ ਵੇਖਿਆ ਜਾ ਸਕਦਾ ਹੈ।

ਉਹ ਕੁਰਬਾਨੀ ਲਿਆਉਣ ਵਾਲਾ ਹੈ (ਇਬਰਾਨੀਆਂ 5:5–9)। ਮਸੀਹ ਮਨੁੱਖ ਦੇ ਰੂਪ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਲਈ ਆਇਆ। ਓਸੇ ਸ਼ਰ੍ਹਾ (ਮੂਸਾ ਦੀ ਸ਼ਰ੍ਹਾ) ਦੇ ਤਹਿਤ ਉਹ ਇਸਰਾਏਲੀ ਦੇ ਰੂਪ ਵਿਚ ਸੀ (ਗਲਾਤੀਆਂ 4:4)। ਉਹਨੇ ਸ਼ਰ੍ਹਾ ਦੀਆਂ ਸ਼ਰਤਾਂ ਨੂੰ ਬਿਲਕੁਲ ਉਵੇਂ ਹੀ ਪੂਰਾ ਕਰਨਾ ਸੀ ਜਿਵੇਂ ਇਸਰਾਏਲੀ ਕਰਦਾ ਸੀ। ਇੱਕੋ ਅਪਵਾਦ ਇਹ ਸੀ ਕਿ ਉਹ ਪਾਪ ਰਹਿਤ ਸੀ (ਇਬਰਾਨੀਆਂ 4:15)।

ਉਹ ਯਾਜਕ ਹੈ (ਇਬਰਾਨੀਆਂ 7:24, 25)। ਇਹ ਕੁਰਬਾਨੀਆਂ ਸਾਡੇ ਲਈ ਉਹਦੇ ਰੁਤਬੇ ਨੂੰ

ਵਿਖਾਉਂਦੀਆਂ ਹਨ ਅਤੇ ਸਾਨੂੰ ਵਿਖਾਉਂਦੀਆਂ ਹਨ ਕਿ ਉਹ ਸਾਡੇ ਵਿਚੋਲੇ ਦੇ ਰੂਪ ਵਿਚ ਕਿਵੇਂ ਕੰਮ ਕਰਦਾ ਹੈ। ਮਸੀਹ ਮਲਕੀਸਿਦਕ ਦੀ ਪਦਵੀ ਦੇ ਅਨੁਸਾਰ, ਅਧਿਕਾਰਿਕ ਤੌਰ ਤੇ ਅਤੇ ਯੋਗ ਹੋਣ ਕਰਕੇ ਖੜਾ ਹੈ (ਇਬਰਾਨੀਆਂ 7:11), ਅਤੇ ਉਹ ਆਪਣੇ ਲੋਕਾਂ ਲਈ ਸਿਫ਼ਾਰਿਸ਼ ਕਰਨ ਲਈ ਜੀਉਂਦਾ ਹੈ।

ਉਹ ਭੇਟ ਹੈ (ਯੂਹੰਨਾ 1:29)। ਅਸੀਂ ਮਸੀਹ ਦੇ ਕੰਮ ਅਤੇ ਕਿਰਦਾਰ ਨੂੰ ਅਸਲ ਕੁਰਬਾਨੀ ਵਜੋਂ ਵੇਖਦੇ ਹਾਂ। ਲਹੂ ਦੀਆਂ ਕੁਰਬਾਨੀਆਂ ਵਿਚ ਬਿਨਾਂ ਦੋਸ਼ ਦੇ ਵੱਖੋ-ਵੱਖ ਜਾਨਵਰਾਂ ਅਤੇ ਪੰਛੀਆਂ ਨੂੰ ਵਰਤੇ ਜਾਣ ਦੀ ਪੂਰੀ ਧਾਰਣਾ ਦੋਸ਼ੀ ਲਈ ਨਿਰਦੋਸ਼ ਦੇ ਮਾਰੇ ਜਾਣ ਦਾ ਵਿਚਾਰ ਸੀ। ਲੇਲੇ ਦੇ ਰੂਪ ਵਿਚ (ਯੂਹੰਨਾ 1:29) ਯਿਸੂ ਨਿਰਦੋਸ਼, ਪਾਪ ਰਹਿਤ (ਬਿਨਾਂ ਨੁਕਸ ਦੇ) ਸੀ, ਜਿਸ ਨੂੰ ਦੋਸ਼ੀ ਪੱਖ ਭਾਵ ਮਨੁੱਖ ਲਈ ਮਾਰ ਦਿੱਤਾ ਗਿਆ (ਮੱਤੀ 20:28; ਰੋਮੀਆਂ 3:9-18, 23)।[18]

*ਮਹੱਤਵ* (1:2-4, 10, 14)। ਹੋਮ ਦੀਆਂ ਭੇਟਾਂ ਸਭ ਤੋਂ ਆਮ ਕੁਰਬਾਨੀਆਂ ਸਨ। ਹੋਮ ਬਲੀ ਦਾ ਇਤਹਾਸ ਨੂਹ (ਉਤਪਤ 8:20) ਅਤੇ ਅਬਰਾਹਾਮ (ਉਤਪਤ 22:1-14) ਵਰਗੇ ਪੁਰਖਿਆਂ ਨਾਲ ਜੁੜਿਆ ਸੀ। ਲੇਵੀਆਂ ਦੀ ਪੋਥੀ ਸੰਕੇਤ ਦਿੰਦੀ ਹੈ ਕਿ ਡੇਰੇ ਵਿਚ ਕੋਈ ਦਿਨ ਅਜਿਹਾ ਨਹੀਂ ਲੰਘਦਾ ਸੀ ਜਦੋਂ ਇਹ ਭੇਟਾਂ ਨਾ ਦਿੱਤੀਆਂ ਜਾਂਦੀਆਂ ਹੋਣ (ਲੇਵੀਆਂ 6:9-12)।

ਇਸ ਆਮ ਭੇਟ ਵਿਚ ਦੋ ਖੂਬੀਆਂ ਵੇਖੀਆਂ ਜਾਂਦੀਆਂ ਹਨ। ਪਹਿਲੀ, ਇਸ ਵਿਚ ਪ੍ਰਾਸਚਿਤ ਸੀ। 1:4 ਵਿਚ ਅਨੁਵਾਦ ਹੋਏ ਸ਼ਬਦ ''ਪ੍ਰਾਸਚਿਤ ਕਰਨਾ'' ਦੇ ਇਬਰਾਨੀ ਸ਼ਬਦ ਦਾ ਅਰਥ ''ਸੰਤੁਸ਼ਟ ਕਰਨਾ'' ਹੈ ਇਹ ਭੇਟ ਸ਼ਰ੍ਹਾ ਦੇ ਰਾਹੀਂ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਸੰਤੁਸ਼ਟ ਕਰਦੀ ਸੀ ਅਤੇ ਕੁਰਬਾਨੀ ਦੇਣ ਵਾਲੇ ਨੂੰ ਪਰਮੇਸ਼ੁਰ ਦੇ ਸਾਹਮਣੇ ਕਬੂਲੇ ਜਾਣ ਦੀ ਇਜਾਜ਼ਤ ਦਿੰਦੀ ਸੀ।[19]

ਦੂਸਰਾ ਇਸ ਕੁਰਬਾਨੀ ਦੇ ਸਬੰਧ ਵਿਚ ''ਸੁਗੰਧਤਾ'' ਦੀ ਗੱਲ ਕਹੀ ਗਈ ਹੈ ਜੋ ਕਿ ਅਹਿਮ ਹੈ। ਕਈ ਕੁਰਬਾਨੀਆਂ ਦੇ ਰੂਪ ਜਾਂ ਸੁਭਾਅ ਤੋਂ ਪਤਾ ਲਗਦਾ ਸੀ ਕਿ ਕੁਰਬਾਨੀ ਦੇ ਕਿਸ ਪਹਿਲੂ ਵਿਚ ਖ਼ੁਦਾ ਦੀ ਦਿਲਚਸਪੀ ਹੈ। ਉਦਾਹਰਣ ਲਈ ਪਾਪ ਬਲੀ ਲਈ ਪ੍ਰਾਸਚਿਤ ਵਾਲੇ ਦਿਨ, ਪਸਾਹ ਤੇ ਅਤੇ ਹੋਰਨਾਂ ਮੌਕਿਆਂ ਤੇ ਪਰਮੇਸ਼ੁਰ ਦਾ ਧਿਆਨ ਲਹੂ ਉੱਤੇ ਹੁੰਦਾ ਸੀ। ਇਸ ਉੱਤੇ ਰੱਬੀ ਗੱਲ ''ਜਦ ਮੈਂ ਲਹੂ ਨੂੰ ਵੇਖਾਂਗਾ ਤਾਂ ਮੈਂ ਤੁਹਾਡੇ ਉੱਤੇ ਦੀ ਲੰਘ ਜਾਵਾਂਗਾ'' ਵਿਚ ਜ਼ੋਰ ਦਿੱਤਾ ਗਿਆ ਹੈ (ਕੂਚ 12:13)। ਪਰ ਅੱਤ ਪਵਿੱਤਰ ਅਸਥਾਨ ਵਿਚ ਚੜ੍ਹਾਈ ਜਾਣ ਵਾਲੀ ਧੂਪ ਦੇ ਨਾਲ-ਨਾਲ ਸਾੜੀਆਂ ਜਾਣ ਵਾਲੀਆਂ ਕੁਰਬਾਨੀਆਂ ਦੇ ਸਬੰਧ ਵਿਚ ਧਿਆਨ ਮਹਿਕ ਉੱਤੇ ਸੀ: ਖ਼ੁਦਾ ਅਜਿਹੀ ਖੁਸ਼ਬੂ ਤੋਂ ਖੁਸ਼ ਹੁੰਦਾ ਸੀ।

*ਕੀਮਤ* (1:2, 3, 10, 14)। ਪਰਮੇਸ਼ੁਰ ਨੇ ਹਰੇਕ ਨੂੰ ਆਪੋ ਆਪਣੀ ਮਾਲੀ ਹਾਲਤ ਦੇ ਅਨੁਸਾਰ ਕੁਰਬਾਨੀਆਂ ਵਿਚ ਭਾਗ ਲੈਣ ਦੀ ਇਜਾਜ਼ਤ ਦੇ ਕੇ ਕੁਝ ਸਮਾਜਿਕ ਅਤੇ ਆਰਥਿਕ ਫ਼ਰਕਾਂ ਨੂੰ ਮੰਨਿਆ। ਪਰ ਹਰ ਇਸਰਾਏਲੀ ਲਈ ਸਖ਼ਤ ਸ਼ਰਤਾਂ ਨੂੰ ਮੰਨਣਾ ਜ਼ਰੂਰੀ ਸੀ। ਜਿਸ ਦੇ ਬੁਨਿਆਦੀ ਨਿਯਮ ਉਨ੍ਹਾਂ ਨੂੰ ਕੁਝ ਲੋੜੀਂਦੇ ਸਬਕ ਦਿੰਦੇ ਸਨ।

ਪਹਿਲਾ, ਭੇਟ ਕੀਤੇ ਜਾਣ ਵਾਲੇ ਜਾਨਵਰ ਦਾ ਆਪਣੇ ਹੀ ਵੱਗ ਜਾਂ ਇੱਜੜ ਵਿੱਚੋਂ ਹੋਣਾ ਜ਼ਰੂਰੀ ਸੀ। ਉਨ੍ਹਾਂ ਨੂੰ ਆਪਣੇ ਹੀ ਜਾਨਵਰਾਂ ਵਿੱਚੋਂ ਦੇਣਾ ਜ਼ਰੂਰੀ ਸੀ ਜੋ ਉਨ੍ਹਾਂ ਲਈ ਮਹਿੰਗਾ ਹੁੰਦਾ ਸੀ। ਉਨ੍ਹਾਂ ਨੂੰ ਸ਼ਿਕਾਰ ਦੌਰਾਨ ਫੜ੍ਹੀ ਗਈ ਕਿਸੇ ਚੀਜ਼ ਦੀ ਵੀ ਕੁਰਬਾਨੀ ਦੇਣ ਦੀ ਇਜਾਜ਼ਤ ਨਹੀਂ ਸੀ।

ਦੂਜਾ, ਇਹ ਨਰ ਜਾਨਵਰ ਹੋਣਾ ਜ਼ਰੂਰੀ ਸੀ। ਨਰ ਜਾਨਵਰ ਨਸਲਾਂ ਵਿਚ ਮਜ਼ਬੂਤ ਹੁੰਦੇ ਹਨ ਪਰ ਫਿਰ ਵੀ ਉਨ੍ਹਾਂ ਨੂੰ ਅਸਾਨੀ ਨਾਲ ਬਲੀ ਕਰ ਦਿੱਤਾ ਜਾਂਦਾ ਸੀ ਕਿਉਂ ਜੋ ਮਾਦਾ ਦੀ ਲੋੜ ਬੱਚੇ ਜਣਨ ਲਈ ਰਹਿੰਦੀ ਸੀ।

ਤੀਜਾ, ਭੇਟ ਕੀਤੇ ਜਾਣ ਵਾਲੇ ਜਾਨਵਰ ਦਾ ''ਸ਼ੁੱਧ'' ਜਾਨਵਰਾਂ ਵਿੱਚੋਂ ਹੋਣਾ ਜ਼ਰੂਰੀ ਸੀ। ਇਹ ਕੋਈ ਅਜਿਹਾ ਜਾਨਵਰ ਨਹੀਂ ਹੋ ਸਕਦਾ ਸੀ ਜਿਸ ਨੂੰ ਇਸਰਾਏਲੀ ਆਪ ਨਾ ਖਾਂਦੇ ਹੋਣ।

ਚੌਥਾ, ਇਹ ਬੇਨੁਕਸ ਹੋਣਾ ਜ਼ਰੂਰੀ ਸੀ। ਬਾਅਦ ਵਿਚ ਮਲਾਕੀ ਵਿਚ ਅਸੀਂ ਵੇਖਦੇ ਹਾਂ ਕਿ ਖ਼ੁਦਾ

ਨੇ ਕਿਵੇਂ ਆਪਣੇ ਲੋਕਾਂ ਨੂੰ ਉਸ ਅੱਗੇ ਕੁਰਬਾਨੀ ਲਈ ਲਿਆਂਦੇ ਬੀਮਾਰ, ਲੰਗੜੇ ਅਤੇ ਅੰਨ੍ਹੇ ਜਾਨਵਰ ਲਿਆਉਣ ਲਈ ਉਨ੍ਹਾਂ ਨੂੰ ਝਿੜਕਿਆ (ਮਲਾਕੀ 1:6, 13, 14)।

ਇਸ ਕਰਕੇ ਇੱਥੇ ਆਦਮੀ ਦੀ ਆਪਣੀ ਮਰਜ਼ੀ ਨਾਲ ਕੀਤੀ ਜਾਣ ਵਾਲੀ ਕੁਰਬਾਨੀ ਸੀ ਕਿਉਂ ਜੋ ਕੁਰਬਾਨੀ ਦੇਣ ਵਾਲਾ ਖ਼ੁਦਾ ਨੂੰ ਖੁਸ਼ ਕਰਨਾ ਚਾਹੁੰਦਾ ਸੀ ਕਿਉਂ ਜੋ ਉਹਨੂੰ ਅਜਿਹਾ ਦੇਣਾ ਚਾਹੁੰਦਾ ਸੀ ਜਿਸ ਨੂੰ ਉਸਦੀ ਨਿੱਜੀ ਕੀਮਤ ਦੇਣੀ ਪਵੇ। ਜੋ ਸਭ ਤੋਂ ਵਧੀਆ ਅਤੇ ਬੇਹਤਰੀਨ ਹੋਵੇ।

*ਹਿੱਸੇਦਾਰੀ* (1:4–6)। ਇਸ ਕੁਰਬਾਨੀ ਵਿਚ ਕਿਸੇ ਵੀ ਹੋਰ ਕੁਰਬਾਨੀ ਨਾਲੋਂ ਵੱਧ, ਕੁਰਬਾਨੀ ਦੇਣ ਵਾਲਾ ਆਪਣੇ ਆਪ ਦੀ ਕੁਰਬਾਨੀ ਦੇਣ ਵਿਚ ਸਭ ਤੋਂ ਵੱਧ ਸ਼ਾਮਿਲ ਹੁੰਦਾ ਸੀ। ਉਹਨੇ ਕੁਰਬਾਨੀ ਦੇ ਸਿਰ ਉੱਤੇ ਆਪਣੇ ਹੱਥ ਰੱਖਣੇ ਹੁੰਦੇ ਸਨ, ਜੋ ਕਿ ਹੋਰਨਾਂ ਵਚਨਾਂ ਵਿਚ ਸਮਰਪਣ ਅਤੇ ਅਰਪਣ ਨੂੰ ਦਰਸਾਉਂਦਾ ਹੈ। ਉਹਨੇ ਯਾਜਕ ਨੂੰ ਕੱਟਣ ਦੇਣ ਦੀ ਬਜਾਇ ਜਾਨਵਰ ਨੂੰ ਆਪ ਕੱਟਣਾ ਹੁੰਦਾ ਸੀ। ਉਹ ਜਾਨਵਰ ਦੀ ਖੱਲ ਲਾਹੁੰਦਾ ਸੀ, ਪਰ ਯਾਜਕ ਨੂੰ ਖੱਲ ਰੱਖਣ ਦਿੰਦਾ ਸੀ (7:8)। ਉਹਨੇ ਜਾਨਵਰ ਨੂੰ ਕਈ ਟੋਟਿਆਂ ਵਿਚ ਕੱਟਣਾ ਹੁੰਦਾ ਸੀ। ਸਿਰਫ਼ ਇੱਥੇ ਹੀ ਯਾਜਕ ਕੁਰਬਾਨੀ ਵਿਚ ਯੋਗਦਾਨ ਦਿੰਦਾ ਸੀ। ਉਹਨੇ ਅੱਗ ਤਿਆਰ ਕਰਨੀ ਹੁੰਦੀ ਸੀ, ਕੁਰਬਾਨੀ ਲਿਆਉਣ ਵੇਲੇ ਉਸਨੂੰ ਦਿੱਤੀਆਂ ਗਈਆਂ ਆਂਦ੍ਰਾਂ ਅੱਤੇ ਲੱਤਾਂ ਨੂੰ ਧੋਣਾ ਹੁੰਦਾ ਸੀ, ਵੇਦੀ ਦੇ ਆਲੇ ਦੁਆਲੇ ਲਹੂ ਛਿੜਕਣਾ ਹੁੰਦਾ ਸੀ ਅਤੇ ਟੁਕੜਿਆਂ ਨੂੰ ਅੱਗ ਉੱਤੇ ਰੱਖਣਾ ਹੁੰਦਾ ਸੀ।

ਇਹ ਸਭ ਕਰਨ ਵਿਚ ਕੁਰਬਾਨੀ ਲਿਆਉਣ ਵਾਲੇ ਲਈ ਇਸ ਦੀ ਕੀ ਅਹਿਮੀਅਤ ਸੀ ਇਸਦੀ ਬਾਈਬਲ ਵਿਚ ਕੋਈ ਵਿਆਖਿਆ ਨਹੀਂ ਹੈ। ਪਰ ਕੁਰਬਾਨੀ ਦਿੱਤੇ ਜਾਣ ਵਿਚ ਉਹਦੇ ਯੋਗਦਾਨ ਨੂੰ ਵੇਖ ਕੇ ਸਾਨੂੰ ਇਹ ਸਬਕ ਲੈਣਾ ਚਾਹੀਦਾ ਹੈ ਕਿ ਖ਼ੁਦਾ ਨੇ ਹਮੇਸ਼ਾ ਚਾਹਿਆ ਹੈ ਕਿ ਬੰਦਗੀ ਹਮੇਸ਼ਾ ਹਿੱਸੇਦਾਰੀ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਬਿਨਾਂ ਯੋਗਦਾਨ ਦੇ।

*ਪੂਰੀ ਭੇਟ* (1:8, 9, 12, 13)। ਇਸ ਭੇਟ ਦੀ ਆਖਰੀ ਗੱਲ ਇਹ ਹੈ ਕਿ ਪੂਰਾ ਜਾਨਵਰ ਹੀ ਅੱਗ ਵਿਚ ਭਸਮ ਕੀਤਾ ਜਾਂਦਾ ਸੀ। ਹੋਮ ਬਲੀ ਨਾ ਸਿਰਫ਼ ਇਸ ਗੱਲ ਵਿਚ ਸਭ ਤੋਂ ਆਮ ਕੁਰਬਾਨੀ ਸੀ ਕਿ ਇਹ ਰੋਜ਼ ਦਿੱਤੀ ਜਾਂਦੀ ਸੀ, ਕਿ ਇਸ ਨੂੰ ਇਸ ਹੱਦ ਤਕ ਸਾੜਿਆ ਜਾਂਦਾ ਸੀ ਕਿ ਕੁਰਬਾਨੀ ਸੁਆਹ ਬਣ ਜਾਵੇ। ਫਿਰ ਉਸ ਸੁਆਹ ਨੂੰ ਯਾਜਕ ਵੱਲੋਂ ਅਗਲੀ ਸਵੇਰ ਚੁੱਕਿਆ ਜਾਂਦਾ ਸੀ।

ਇਸ ਦਾ ਮਹੱਤਵ ਕੁਝ ਹੋਰ ਕੁਰਬਾਨੀਆਂ ਨਾਲੋਂ ਇਸ ਗੱਲ ਵਿਚ ਫ਼ਰਕ ਵੇਖਿਆ ਜਾਂਦਾ ਹੈ ਕਿ ਇਸ ਵਿਚ ਯਾਜਕ ਅਤੇ ਕੁਰਬਾਨੀ ਲਿਆਉਣ ਵਾਲੇ ਦੋਹਾਂ ਨੂੰ ਭੇਟ ਕੀਤੇ ਗਏ ਮਾਸ ਜਾਂ ਭੋਜਨ ਦਾ ਹਿੱਸਾ ਖਾਣਾ ਜ਼ਰੂਰੀ ਸੀ (ਵੇਖੋ 6:16, 18, 26)। ਪਰ ਹੋਮ ਬਲੀ ਸਮਰਪਣ ਅਤੇ ਅਰਪਣ ਦੀ ਕੁਰਬਾਨੀ ਸੀ ਜਿਸ ਨੂੰ ਸਿਰਫ਼ ਯਹੋਵਾਹ ਇਸ ਦੇ ਸਾੜੇ ਜਾਣ ਦੀ ਮਿੱਠੀ ਮਹਿਕ ਵਿਚ ਆਨੰਦਿਤ ਹੁੰਦਾ ਸੀ। ਇਸ ਕਰਕੇ ਪੂਰੀ ਕੁਰਬਾਨੀ ਪੂਰੀ ਤਰ੍ਹਾਂ ਨਾਲ ਖ਼ੁਦਾ ਵਾਸਤੇ ਹੀ ਭਸਮ ਕੀਤੀ ਜਾਂਦੀ ਸੀ।

*ਯਿਸੂ ਮਸੀਹ, ਪ੍ਰਤੀਰੂਪ।* ਇਸ ਭੇਟ ਵਿਚ ਯਿਸੂ ਦਾ ਧਿਆਨ ਭਾਵੇਂ ਲਹੂ, ਬੇਗੁਨਾਹੀ ਅਤੇ ਭੇਟ ਕੀਤੇ ਗਏ ਜੀਵਨ ਦਾ ਸੁਝਾਅ ਦੇ ਸਕਦਾ ਹੈ ਪਰ ਇਹ ਉਸ ਦੀ ਸੰਪੂਰਣਤਾ ਉੱਤੇ ਵਧੇਰੇ ਕੇਂਦਰਤ ਹੈ। ਅਸੀਂ ਪੜ੍ਹਦੇ ਹਾਂ:

> ਇਸ ਲਈ ਉਹ ਸੰਸਾਰ ਵਿਚ ਆਉਂਦਾ ਹੋਇਆ ਆਖਦਾ ਹੈ, ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ, ਪਰ ਮੇਰੇ ਲਈ ਦੇਹੀ ਤਿਆਰ ਕੀਤੀ। ਹੋਮਬਲੀ ਅਰ ਪਾਪਬਲੀ ਤੋਂ ਤੂੰ ਪਰਸੰਨ ਨਹੀਂ ਹੁੰਦਾ, ਤਦ ਮੈਂ ਆਖਿਆ, ਵੇਖ, ਮੈਂ ਆਇਆ ਹਾਂ, ਹੇ ਪਰਮੇਸ਼ੁਰ, ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਾਂ, ਜਿਵੇਂ ਪੁਸਤਕ ਦੀ ਪੱਤ੍ਰੀ ਵਿਚ ਮੇਰੇ ਵਿਖੇ ਲਿਖਿਆ ਹੋਇਆ ਹੈ। ਉੱਪਰ ਜੋ ਕਹਿੰਦਾ ਹੈ ਭਈ ਤੈਂ ਬਲੀਦਾਨਾਂ, ਭੇਟਾਂ, ਹੋਮਬਲੀਆਂ ਅਰ ਪਾਪਬਲੀਆਂ ਨੂੰ ਨਾ ਚਾਹਿਆ, ਨਾ ਉਨ੍ਹਾਂ ਤੋਂ ਪਰਸੰਨ ਹੋਇਆ, ਪਰ ਏਹ ਸ਼ਰਾ ਦੇ ਅਨੁਸਾਰ ਚੜ੍ਹਾਏ ਜਾਂਦੇ ਹਨ। ਤਦ ਓਨ ਆਖਿਆ, ਵੇਖ, ਮੈਂ ਤੇਰੀ ਇੱਛਿਆ ਨੂੰ ਪੂਰਿਆਂ ਕਰਨ ਆਇਆ ਹਾਂ। ਉਹ ਪਹਿਲੇ ਨੂੰ ਹਟਾਉਂਦਾ

ਹੈ ਭਈ ਦੂਏ ਨੂੰ ਕਾਇਮ ਕਰੇ। ਅਤੇ ਓਸੇ ਇੱਛਿਆ ਕਰਕੇ ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ (ਇਬਰਾਨੀਆਂ 10:5–10)।

ਇਹ ਹਵਾਲਾ ਸਾਨੂੰ ਨਵੇਂ ਨੇਮ ਵਿਚ ਮਿਲਣ ਵਾਲੇ ਯਿਸੂ ਮਸੀਹ ਨਾਲ ਜੁੜੇ ਕਈ ''ਦੇਹ'' ਦੇ ਹਵਾਲਿਆਂ ਦੀ ਯਾਦ ਦੁਆਉਂਦਾ ਹੈ। ਪਰ ਪੌਲੁਸ ਨੇ ਸਚਮੁਚ ਮਸੀਹ ਦੀ ਸੰਪੂਰਣਤਾ ਵੱਲ ਧਿਆਨ ਕੀਤਾ ਜਦ ਉਹਨੇ ਆਖਿਆ, ''ਅਤੇ ਪ੍ਰੇਮ ਨਾਲ ਚੱਲੋ ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ ਅਤੇ ਸਾਡੇ ਲਈ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਭੇਟ ਅਤੇ ਬਲੀਦਾਨ ਕਰ ਕੇ ਧੂਪ ਦੀ ਸੁਗੰਧ ਲਈ ਦੇ ਦਿੱਤਾ'' (ਅਫ਼ਸੀਆਂ 5:2)। ਮਸੀਹ ਦੇ ਪਿਤਾ ਅੱਗੇ ਆਪਣੀ ਦੇਹ ਨੂੰ ਪੇਸ਼ ਕਰਨ ਦੀ ਸੰਪੂਰਣਤਾ ਪਰੇਮਸ਼ੁਰ ਨੂੰ ਭਾਈ।

*ਸਾਰ।* ਕੀ ਅਸੀਂ ਆਪਣੀ ਸੰਪੂਰਣਤਾ ਪਰਮੇਸ਼ੁਰ ਨੂੰ ਭੇਟ ਕਰ ਰਹੇ ਹਾਂ? ਪੌਲੁਸ ਨੇ ਰੋਮ ਦੇ ਮਸੀਹੀਆਂ ਨੂੰ ਦੱਸਿਆ: ''ਸੋ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ *ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ,* ਇਹ ਤੁਹਾਡੀ ਰੂਹਾਨੀ ਬੰਦਗੀ ਹੈ'' (ਰੋਮੀਆਂ 12:1; ਜੋਰ ਦਿੱਤਾ ਗਿਆ ਹੈ)। ਪਰਮੇਸ਼ੁਰ ਦੇ ਸਾਡੇ ਲਈ ਪਾਪ ਬਲੀ ਦੇ ਰੂਪ ਵਿਚ ਯਿਸੂ ਨੂੰ ਦੇਣ ਅਤੇ ਸਾਡੇ ਸਮਰਪਣ ਅਤੇ ਸੇਵਾ ਵਿਚ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਦੇਣ ਵਿਚ ਫ਼ਰਕ ਹੈ। ਸ਼ਰ੍ਹਾ ਤਹਿਤ ਕੁਰਬਾਨੀ ਲਿਆਉਣ ਵਾਲੇ ਦੀ ਗਤੀਵਿਧੀ ਵਾਂਗ, ਖ਼ੁਦਾ ਸਾਥੋਂ ਸਾਡੇ ਵੱਲੋਂ ਸੇਵਾ ਵਿਚ ਸਾਥੋਂ ਸਰਗਰਮ ਹੋਣ ਦੀ ਉਮੀਦ ਕਰਦਾ ਹੈ ਨਾ ਕਿ ਬੇਹਰਕਤ ਹੋਣ ਦੀ। ਖ਼ੁਦਾ ਕਰੇ ਕਿ ਲੇਵੀਆਂ ਦੀ ਪੋਥੀ ਤੋਂ ਲਈਆਂ ਗਈਆਂ ਇਹ ਨਜ਼ੀਰਾਂ ਸਾਨੂੰ ਆਪਣੀਆਂ ਜ਼ਿੰਦਗੀਆਂ ਵਿਚ ਇਸ ਸਮਝਣ ਵਿਚ ਮਦਦ ਕਰਨ।

ਮੈਕਸ ਟਾਰਬਟ

---

ਟਿੱਪਣੀਆਂ

[1]ਲੇਵੀਆਂ 7:37, 38, ਜਿੱਥੇ ਪੁਸਤਕ ਦੇ ਇਸ ਭਾਗ ਦਾ ਸਾਰ ਹੈ, ਵਿਚ ''ਪਵਿੱਤਰ ਠਹਿਰਾਉਣ ਦੀ ਭੇਟ'' ਨੂੰ ਜੋੜ ਕੇ ਛੇ ਤਰ੍ਹਾਂ ਦੀਆਂ ਕੁਰਬਾਨੀਆਂ ਦੱਸੀਆਂ ਗਈਆਂ ਹਨ। (7:37, 38 ਤੇ ਟਿੱਪਣੀਆਂ ਵੇਖੋ।) [2]ਸੰਖੇਪ ਵਿਚ, ਸੱਤ ਅਧਿਆਵਾਂ ਦੇ ਦੋ ਭਾਗ, 1:1–6:7 ਅਤੇ 6:8–7:36 ਦੋਵੇਂ ਲਗਭਗ ਇੱਕੋ ਤਰਤੀਬ ਨਾਲ ਉਨ੍ਹਾਂ ਹੀ ਪੰਜਾਂ ਭੇਟਾਂ ਦੀ ਗੱਲ ਕਰਦੇ ਹਨ। ਆਰ. ਕੇ. ਹੈਰਿਸਨ ਨੇ ਇਸ ਫ਼ਰਕ ਦਾ ਸੰਦੇਸ਼ ਦਿੱਤਾ: ''ਪਹਿਲੇ ਵਿਚ ਭੇਟ ਲਿਆਉਣ ਵਾਲੇ [ਇਸਰਾਏਲੀ] ਦੇ ਨਜ਼ਰੀਏ ਤੋਂ ਦੱਸੀਆਂ ਗਈਆਂ ਰਸਮੀ ਗੱਲਾਂ'' ਅਤੇ ਦੂਜੇ ਵਿਰਤਾਂਤ ਵਿਚ ''ਯਾਜਕਾਂ ਵੱਲੋਂ ਵੱਖ–ਵੱਖ ਕੁਰਬਾਨੀਆਂ ਨਾਲ ਜੋ ਕੀਤਾ ਜਾਂਦਾ ਸੀ ਉਸ ਤੇ ਵਿਚਾਰ ਹੈ'' (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1980], 39)। [3]ਡੇਰੇ ਦੇ ਖੜਾ ਕੀਤੇ ਜਾਣ ਤੋਂ ਪਹਿਲਾਂ ਵੀ ਇਸਰਾਏਲੀ ਉਨ੍ਹਾਂ ਵਿੱਚੋਂ ਜ਼ਿਆਦਾਤਰ ਭੇਟਾਂ ਵਰਗੀਆਂ ਕੁਰਬਾਨੀਆਂ ਜਿਨ੍ਹਾਂ ਦੇ ਪਰਮੇਸ਼ੁਰ ਨੇ ਲੇਵੀਆਂ 1:1–6:7 ਵਿਚ ਨਿਯਮ ਦਿੱਤੇ ਸਨ, ਭੇਟਾਂ ਨਾਲ ਯਹੋਵਾਹ ਦੀ ਬੰਦਗੀ ਕਰਦੇ ਹੁੰਦੇ ਸਨ। [4]ਜੌਰਜ ਏ. ਐੱਫ਼. ਨਾਈਟ, *ਲੇਵੀਆਂ ਦੀ ਪੋਥੀ*, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1981), 12. [5]''ਮੁੱਢਲੇ ਯਹੂਦੀ ਧਰਮ ਵਿਚ ਰੱਬੀ ਕਈ ਵਾਰ *ਤੋਰਤ ਕੋਹਾਨੇਮ* ('ਯਾਜਕਾਂ ਦੀ ਤੁਰੇਤ') ਨਾਂਅ ਦਿੰਦੇ ਸਨ'' (*ਹਾਰਪਰ'ਜ਼ ਬਾਈਬਲ ਕਮੈਂਟਰੀ*, ਸੰਪਾ. ਜੇਮਸ ਐੱਲ. ਮੇਅਸ [ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋਅ, 1988], 157) ਵਿਚ ਜੌਨ ਐੱਚ. ਹੇਅਸ, ''ਲੇਵੀਆਂ ਦੀ ਪੋਥੀ।'' [6]ਕਲਾਈਡ ਐੱਮ. ਵੂਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2

(ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 4. [7]ਉਦਾਹਰਣ ਲਈ, ਵੇਖੋ 4:1; 5:14; 6:1, 8, 19, 24; 7:22, 28, 38. ਲੇਵੀਆਂ ਦੀ ਪੋਥੀ ਦੇ ਆਖ਼ਰੀ 17 ਅਧਿਆਇਆਂ ਵਿੱਚੋਂ 16 ਦਾ ਅਰੰਭ ''ਯਹੋਵਾਹ ਮੂਸਾ ਨਾਲ ਬੋਲਿਆ'' ਵਰਗੇ ਸ਼ਬਦਾਂ ਨਾਲ ਹੁੰਦਾ ਹੈ। [8]ਕੂਚ 40:2 ''ਡੇਰੇ'' ਨੂੰ ''ਮੰਡਲੀ ਦਾ ਤੰਬੂ'' ਨਾਲ ਮਿਲਾਉਂਦਾ ਹੈ (ਵੇਖੋ ਕੂਚ 40:22, 24, 29–32, 34, 35)। ''ਮੰਡਲੀ ਦਾ ਡੇਰਾ'' ਅਭਿਵਿਅਕਤੀ ਨੂੰ ਉਸ ਆਰਜ਼ੀ ਤੰਬੂ ਦੇ ਸਬੰਧ ਵਿਚ ਵੀ ਵਰਤਿਆ ਗਿਆ ਹੈ ਜਿਹੜਾ ਪਵਿੱਤਰ ਅਸਥਾਨ ਦੇ ਭਵਨ ਦੇ ਸਾਹਮਣੇ ਖੜ੍ਹਾ ਕੀਤਾ ਗਿਆ ਸੀ ਅਤੇ ਉਸ ਸਥਾਨ ਦਾ ਕੰਮ ਕਰਦਾ ਸੀ ਜਿੱਥੇ ਪਰਮੇਸ਼ੁਰ ਪਵਿੱਤਰ ਅਸਥਾਨ ਦੇ ਮੁਕੰਮਲ ਹੋਣ ਤਕ ਮੂਸਾ ਨਾਲ ਮਿਲਦਾ ਹੁੰਦਾ ਸੀ (ਕੂਚ 33:7–11)। ''ਮੰਡਲੀ ਦਾ ਤੰਬੂ'' ਉੱਤੇ ਚਰਚਾ ਕੋਏ ਡੀ. ਰੋਪਰ, *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 543 ਵਿਚ ਕੀਤੀ ਗਈ ਹੈ। [9]*ਥਿਓਲੋਜੀਕਲ ਵਰਡਬੁਕ ਆਫ਼ ਦ ਓਲਡ ਟੈਸਟਾਮੈਂਟ*, ਸੰਪਾ. ਆਰ. ਲੇਅਰਡ ਹੈਰਿਸ, ਗਲੀਸਨ ਐੱਲ. ਆਰਚਰ, ਜੂਨੀਅਰ, ਅਤੇ ਬਰੂਸ ਕੇ. ਵਾਲਟਕੇ (ਸ਼ਿਕਾਗੋ: ਮੂਡੀ ਪ੍ਰੈੱਸ, 1980), 2:813 ਵਿਚ ਲਿਓਨਰਡ ਜੇ. ਕੌਪਸ, ਇਬਰਾਨੀ ਸ਼ਬਦ *ਕੋਰਬਾਨ* (***corban***) ਜਿਸ ਦਾ ਯੂਨਾਨੀ ਲਿਪਿਅੰਤਰਣ (ਬਦਲਵਾਂ ਰੂਪ) ਹੋਇਆ ਹੈ, ਮਰਕੁਸ 7:11 ਵਿਚ ਮਿਲਦਾ ਹੈ। ਉੱਥੇ ਯਿਸੂ ਨੇ ਆਖਿਆ ਕਿ ਯਹੂਦੀ ਆਗੂ ਇਹ ਆਖ ਕੇ ਆਪਣੇ ਮਾਪਿਆਂ ਦੀ ਮਦਦ ਕਰਨ ਨੂੰ ਟਾਲਣ ਦਾ ਬਹਾਨਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਉਨ੍ਹਾਂ ਨੇ ਜੋ ਕੁਝ ਉਨ੍ਹਾਂ ਦੀ ਮਦਦ ਲਈ ਦੇਣਾ ਸੀ ਉਹ ''ਕੋਰਬਾਨ'' ਹੋ ਗਿਆ ਜਾਂ ''ਪਰਮੇਸ਼ੁਰ ਨੂੰ ਦੇ ਦਿੱਤਾ।'' (''ਕੁਰਬਾਨ'' ਉੱਤੇ ਚਰਚਾ ਸੈਲਰਸ ਐੱਸ. ਕ੍ਰੇਨ, ਜੂਨੀਅਰ, *ਮੈਥਿਊ 14–28,* ਟਰੁੱਥ ਫ਼ਾਰ ਟੁਡੇ ਕਮੈਂਟਰੀ [ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2011], 43) ਵਿਚ ਕੀਤੀ ਗਈ ਹੈ। [10]ਜੇਮਸ ਈ. ਸਮਿਥ, *ਦ ਪੈਂਟਾਟਿਊਕ*, ਜਿਲਦ ਦੂਜੀ, ਓਲਡ ਟੈਸਟਾਮੈਂਟ ਸਰਵੇ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1993), 358. ਖੱਲ ਨੂੰ ਛੱਡ ਕੇ ਜਾਨਵਰ ਦਾ ਹਰ ਹਿੱਸਾ ਜਗਵੇਦੀ ਉੱਤੇ ਸਾੜਿਆ ਜਾਂਦਾ ਸੀ। ਖੱਲ ਲਾਹੁਣ ਦਾ ਕੰਮ ਕੁਰਬਾਨੀ ਲਿਆਉਣ ਵਾਲੇ ਦਾ ਹੁੰਦਾ ਸੀ (1:6), ਅਤੇ ਫਿਰ ਉਸ ਦੀ ਖੱਲ ਯਾਜਕ ਦੀ ਹੁੰਦੀ ਸੀ ਜਿਸ ਨੇ ਕੁਰਬਾਨੀ ਭੇਟ ਕੀਤੀ ਹੁੰਦੀ ਸੀ (7:8)।

[11]ਆਰ. ਲੇਅਰਡ ਹੈਰਿਸ ਨੇ ਕਿਹਾ ਕਿ ਪੁਰਾਣੇ ਨੇਮ ਵਿਚ ਇਸ ਸ਼ਬਦ ਨੂੰ ਢੱਕਣ ਦੇ ਅਰਥ ਵਿਚ ਕਿਤੇ ਨਹੀਂ ਵਰਤਿਆ ਗਿਆ ਅਤੇ ਉਸ ਦਾ ਦਾਅਵਾ ਹੈ ਕਿ ''ਇਹ ਬੇਹਤਰ ਹੈ ਕਿ ਇਬਰਾਨੀ ਵਿਆਕਰਣ ਇਸ ਕਿਰਿਆ ਨੂੰ ਇਨ੍ਹਾਂ ਹੀ ਅੱਖਰਾਂ [***koper***] ਦੇ ਨਾਉਂ ਤੋਂ ਲਵੇ ਜਿਸ ਦਾ ਅਰਥ 'ਛੁਟਕਾਰੇ ਦਾ ਮੁੱਲ' ਹੈ (ਗਿਣਤੀ 35:31; ਯਸਾਯਾਹ 43:3)'' (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 538) ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।'' [12]''ਚਰਬੀ'' ਡੰਗਰਾਂ ਅਤੇ ਭੇਡਾਂ ਦੇ ਗੁਰਦਿਆਂ ਦੁਆਲੇ ਦੀ ਸ਼ਖ਼ਤ ਚਰਬੀ ਨੂੰ ਕਿਹਾ ਗਿਆ ਹੈ। [13]ਹੋਰਨਾਂ ਸੰਸਕਰਣਾਂ ਵਿਚ ''ਮਿੱਠੀ ਮਹਿਕ'' (KJV); ''ਮਿੱਠੀ ਖੁਸ਼ਬੂ'' (NKJV); ''ਯਹੋਵਾਹ ਨੂੰ ਪਸੰਦ ਖੁਸ਼ਬੂ'' (NIV); ''ਅੰਨ ਬਲੀ ਦੀ ਖੁਸ਼ ਕਰ ਦੇਣ ਵਾਲੀ ਗੰਧ'' (REB); ''ਮਿੱਠੀ ਮਹਿਕ ਵਾਲਾ ਚੜ੍ਹਾਵਾ'' (NAB); ਅਤੇ ''ਯਹੋਵਾਹ ਨੂੰ ਪਸੰਦ ਖੁਸ਼ਬੂ ਵਰਗਾ ਸੜਿਆ ਹੋਇਆ ਭੋਜਨ'' (NJB) ਵਰਤਿਆ ਗਿਆ ਹੈ। [14]ਹੈਰਿਸ ਨੇ ਕਿਹਾ, ''ਯਕੀਨਨ, ਇਹ ਕੁਰਬਾਨੀ ਦੀ ਮਹਿਕ ਨੂੰ ਦਰਸਾਉਂਦੀ ਮਾਨਵਤਾਵਾਦੀ ਅਭਿਵਿਅਕਤੀ ਹੈ ... ਜਿਸ ਨੂੰ ਭੇਟ ਦੇ ਕਬੂਲੇ ਜਾਣ ਵਿਚ ਯਹੋਵਾਹ ਵੱਲੋਂ ਸੁੰਘਿਆ ਜਾ ਰਿਹਾ ਹੈ'' (ਹੈਰਿਸ, 539)। ਐਵਰੱਟ ਫ਼ੌਕਸ ਨੇ ਕਿਹਾ, ''ਇਸ ਅਧਿਆਇ ਵਿਚ ਕੁਰਬਾਨੀ ਦਾ ਕੰਮ ... ਖ਼ੁਦਾ ਦੀ ਤਰਫ਼ਦਾਰੀ ਅਤੇ ਤਰਸ ਨੂੰ ਹਾਸਿਲ ਕਰਨਾ ਹੈ'' (ਐਵਰੱਟ ਫ਼ੌਕਸ, *ਦ ਫ਼ਾਈਵ ਬੁਕਸ ਆਫ਼ ਮੋਜ਼ਸ*, ਦ ਸ਼ੋਕੇਨ ਬਾਈਬਲ, ਜਿਲਦ 1 [ਨਿਊ ਯਾਰਕ: ਸ਼ੋਕੇਨ ਬੁੱਕਸ, 1995], 512)। [15]''ਵੱਗ'' ਜਾਂ ''ਇੱਜੜ'' ਵਿੱਚੋਂ ਭੇਟ ਦੇਣ ਦਾ ਅਰਥ ਇਹ ਹੈ ਕਿ ਦੇਣ ਵਾਲੇ ਦਾ ਵੱਗ ਅਤੇ ਇੱਜੜ ਹੈ, ਅਤੇ ਇਹ ਇਸ ਦਾ ਵੀ ਸੁਝਾਅ ਦੇ ਸਕਦਾ ਹੈ ਕਿ ਉਹ ਇਕ ਜ਼ਿਮੀਦਾਰ ਸੀ। ਜਿਨ੍ਹਾਂ ਕੋਲ ਵੱਗ ਜਾਂ ਇੱਜੜ ਨਹੀਂ ਹੁੰਦੇ ਸਨ ਉਹ ਆਪਣੀਆਂ ਹੋਮਬਲੀਆਂ ਕਿਵੇਂ ਲਿਆਉਂਦੇ

ਸਨ? ਉਹ ਬਲਦ ਜਾਂ ਲੇਲਾ ਦੇ ਸਕਦੇ ਸਨ। ਜਾਂ ਜੇ ਉਹ ਜਾਨਵਰ ਨਾ ਖ਼ਰੀਦ ਸਕਦੇ ਹੋਣ ਤਾਂ ਉਹ ਘੁੱਗੀ ਜਾਂ ਕਬੂਤਰ ਖ਼ਰੀਦ ਸਕਦੇ ਸਨ। ਹੈਰਿਸ ਨੇ ਲਿਖਿਆ, ''ਇਸਰਾਏਲ ਵਿਚ ਅਜਿਹੇ ਲੋਕ ਹੋਣਗੇ ਜਿਨ੍ਹਾਂ ਨੂੰ ਸਭ ਤੋਂ ਵਧੀਆ ਜਾਨਵਰ ਕੱਟਣਾ ਪੁੱਗਦਾ ਨਹੀਂ ਹੋਵੇਗਾ, ਭਾਵੇਂ ਉਨ੍ਹਾਂ ਕੋਲ ਹੋਵੇ ਵੀ। ਅਜਿਹੇ ਗ਼ਰੀਬ ਲੋਕਾਂ ਲਈ ਸ਼ਰ੍ਹਾ ਪੰਛੀ ਦੇ ਚੜ੍ਹਾਏ ਜਾਣ ਦੀ ਇਜਾਜ਼ਤ ਦਿੰਦੀ ਸੀ ...'' (ਹੈਰਿਸਨ, 47–48)। [16]ਬਹੁਤੇ ਜਾਂ ਜ਼ਿਆਦਾਤਰ ਪੰਛੀਆਂ ਨੂੰ ਅਸ਼ੁੱਧ ਮੰਨਿਆ ਜਾਂਦਾ ਸੀ (ਵੇਖੋ 11:13–19)। [17]ਕੱਪੜੇ ਦੇ ਡਿਜ਼ਾਈਨ ਵਾਂਗ ਹੀ ਰੂਪ, ਉਸ ਪ੍ਰਤੀਰੂਪ ਨਾਲ ਮੇਲ ਖਾਂਦਾ ਹੈ ਜਿਸ ਵਿਚ ਡਿਜ਼ਾਈਨ ਤਿਆਰ ਹੋਏ ਕੱਪੜੇ ਦੀ ਝਲਕ ਹੈ। ਪਰ ਜਿਵੇਂ ਕੱਪੜਾ ਆਪਣੇ ਡਿਜ਼ਾਈਨ ਨਾਲੋਂ ਵੱਡਾ ਹੁੰਦਾ ਹੈ ਉਵੇਂ ਹੀ ਮਸੀਹ (ਪ੍ਰਤੀਰੂਪ ਜਾਂ ਛਾਪ) ਦੇ ਰਾਹੀਂ ਸਾਡੀ ਮੁਕਤੀ ਲਈ ਪਰਮੇਸ਼ੁਰ ਦੀ ਨਵੇਂ ਨੇਮ ਦੀ ਯੋਜਨਾ ਪੁਰਾਣੇ ਨੇਮ ਦੀਆਂ ਕੁਰਬਾਨੀਆਂ ਵਾਲੇ ਸਿਸਟਮ (ਰੂਪ ਜਾਂ ਬਲਾਕ) ਨਾਲੋਂ ''ਉੱਤਮ'' ਹੈ। (ਵੇਖੋ ਇਬਰਾਨੀਆਂ 7:22; 8:6; 10:1.) [18]ਐਂਡ੍ਰਿਊ ਜਿਊਕਸ, *ਦ ਲਾਅ ਆਫ਼ ਆਫ਼ਰਿੰਗਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਕ੍ਰੇਗਲ ਪਬਲੀਕੇਸ਼ੰਜ਼, ਮਿਤੀ ਰਹਿਤ), 44–45. [19]ਸੈਪਟੁਆਜਿੰਟ (ਸਪਤਤੀ ਅਨੁਵਾਦ) ਅਤੇ ਵਲਗੇਟ (ਲਾਤੀਨੀ ਅਨੁਵਾਦ) 1:4 ਦੇ ਪ੍ਰਾਸਚਿਤ ਦੇ ਸੰਦਰਭ ਵਿਚ ''ਪ੍ਰਵਾਨ ਹੋਣ ਲਈ'' ਵਾਕ ਖੰਡ ਹੈ। (ਉੱਥੇ ਹੀ 58–59.)